ਫਿਰ ਤਰਸੇਮ ਰਾਣੇ ਨੇ ਸਾਹਿਤਕ ਮੈਗਜ਼ੀਨਾਂ ਵਿਚ ਕਹਾਣੀਆਂ ਤੇ ਕਵਿਤਾ ਲਿਖਣ ਵਾਲੇ ਲੇਖਕਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ। ਉਹ ਲੱਭਦੇ-ਲੱਭਦੇ ਸਾਰੇ ਲੇਖਕਾਂ ਦਾ ਜਾਣੂ ਹੋ ਗਿਆ। ਮੇਰੀਆਂ ਕਹਾਣੀਆਂ ਵੀ ਛਪਦੀਆਂ ਸਨ। ਉਹ ਇਧਰੋਂ ਓਧਰੋਂ ਪਤਾ ਕਰ ਕੇ ਯੂਨੀਵਰਸਿਟੀ ਕੈਂਪਸ ਵਿਚ ਆ ਗਏ। ਉਨਾਂ ਨੇ ਪਹਿਲਾਂ ਮੋਹਾਲੀ ਰਹਿੰਦੇ ਲੇਖਕ ਜਗਰੂਪ ਸਿੰਘ ਰੂਪ ਤੋਂ ਪਤਾ ਕਰ ਲਿਆ ਸੀ ਕਿ ਉਸ ਦਾ ਭਰਾ ਅਮਰਜੀਤ ਸਿੰਘ ਬਾਈ ਕੈਂਪਸ ਦੇ ਡੀ-53 ਵਿਚ ਰਹਿੰਦਾ ਹੈ। ਉਹ ਅਮਰਜੀਤ ਸਿੰਘ ਨੂੰ ਮਿਲਣ ਆ ਗਏ। ਤਰਸੇਮ ਰਾਣੇ ਨੇ ਅਮਰਜੀਤ ਸਿੰਘ ਕੋਲ ਮੇਰਾ ਨਾਂ ਲਿਆ ਤਾਂ ਮੈਂ ਗੁਆਂਢ ਹੀ ਰਹਿੰਦਾ ਸੀ।

ਸਾਡੀਆਂ ਸਾਹਿਤ ਦੀਆਂ ਗੱਲਾਂ ਦੇ ਨਾਲ ਉਹ ਪਰਿਵਾਰਕ ਮੈਂਬਰ ਬਣ ਗਏ। ਉਨ੍ਹਾਂ ਨੇ ਅੱਗੇ ਪੜ੍ਹਨ ਦੀ ਇੱਛਾ ਪ੍ਰਗਟਾਈ। ਮੈਂ ਜ਼ੋਰ ਦੇ ਕੇ ਉਨ੍ਹਾਂ ਦਾ ਫਾਰਮ ਭਰਵਾ ਦਿੱਤਾ। ਉਨ੍ਹਾਂ ਨੂੰ ਪੜ੍ਹਨ ਦੀ ਐਸੀ ਲਗਨ ਲੱਗੀ, ਬੀਏ ਫਸਟ ਡਵੀਜ਼ਨ ਵਿਚ ਕਰ ਲਈ। ਐਮਏ ਪੰਜਾਬੀ ਦਾ ਦਾਖ਼ਲਾ ਭਰ ਦਿੱਤਾ। ਉਹ ਚੰਗੇ ਨੰਬਰਾਂ ਨਾਲ ਭਾਗ ਪਹਿਲਾ ਪਾਸ ਹੋ ਗਿਆ। ਇਸੇ ਦੌਰਾਨ ਅੱਤਵਾਦ ਦਾ ਦੌਰ ਚੱਲ ਰਿਹਾ ਸੀ। 1984 ਵਿਚ ਉਨ੍ਹਾਂ ਦੀ ਬਦਲੀ ਬੜੌਦਾ ਦੀ ਹੋ ਗਈ। ਸਾਡੀਆਂ ਲੰਮੀਆਂ ਲੰਮੀਆਂ ਚਿੱਠੀਆਂ ਆਉਂਦੀਆਂ ਜਾਂਦੀਆਂ ਰਹੀਆਂ। ਪਰ 1984 ਕਰਕੇ ਹੀ ਐਮਏ ਭਾਗ ਦੂਜਾ ਦੇ ਪੇਪਰ ਅੱਗੇ ਹੁੰਦੇ ਗਏ।ਪਰ ਜਦੋਂ ਇਮਤਿਹਾਨ ਹੋਇਆ ਉਹ ਚੰਗੇ ਨੰਬਰਾਂ ਨਾਲ ਪਾਸ ਹੋ ਗਏ।

1985 ਵਿਚ 15 ਸਾਲ ਦੀ ਨੌਕਰੀ ਕਰ ਕੇ ਏਅਰਫੋਰਸ ਦੀਆਂ ਸੇਵਾਵਾਂ ਤੋਂ ਸੇਵਾ-ਮੁਕਤੀ ਲੈ ਲਈ। ਘਰਦਿਆਂ ਨੇ ਵਿਆਹ ਲਈ ਜ਼ੋਰ ਪਾਇਆ। ਪਰ ਤਰਸੇਮ ਰਾਣਾ ਇਕ ਸਾਹਿਤਕ ਲਗਨ ਵਾਲੀ ਲੜਕੀ ਲੱਭਣਾ ਚਾਹੁੰਦਾ ਸੀ। ਉਸ ਨੇ ਸੋਚ ਸੋਚ ਕੇ ਅੰਮ੍ਰਿਤਾ ਪ੍ਰੀਤਮ ਨੂੰ ਕਿਹਾ ਕਿ ਉਸ ਲਈ ਇਕ ਸਾਹਿਤ ਪੜ੍ਹਨ ਵਾਲੀ ਕੁੜੀ ਲੱਭੋ। ਅੰਮ੍ਰਿਤਾ ਪ੍ਰੀਤਮ ਨੇ ਦਲਬੀਰ ਚੇਤਨ, ਜਸਵੀਰ ਭੁੱਲਰ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ ਦੀ ਡਿਊਟੀ ਲਾ ਦਿੱਤੀ। ਕੁਦਰਤੀ ਦਲਬੀਰ ਚੇਤਨ ਨੇ ਫ਼ੌਜ ਦੀ ਨੌਕਰੀ ਤੋਂ ਆ ਕੇ ਆਪਣੇ ਹੀ ਪਿੰਡ ਲਾਗੇ, ਸ਼ਾਂਤੀ ਨਕੇਤਨ ਵਰਗਾ ਸਕੂਲ ਖੋਲ੍ਹ ਲਿਆ ਸੀ। ਦਲਬੀਰ ਕੌਰ ਜੇ ਬੀ ਟੀ ਕਰ ਕੇ ਇਸੇ ਸਕੂਲ ਵਿਚ ਅਧਿਆਪਕਾ ਆ ਲੱਗੀ ਜੋ ਉਸ ਦੇ ਪਿੰਡ ਤੋਂ ਨੇੜੇ ਹੀ ਸੀ। ਦਲਬੀਰ ਕੌਰ ਦੀ ਸਾਹਿਤਕ ਰੁਚੀ ਵੇਖਦਿਆਂ, ਦਲਬੀਰ ਚੇਤਨ ਬਹੁਤ ਪ੍ਰਭਾਵਤ ਹੋਏ। ਉਸ ਕੋਲ ਸਾਰੇ ਲੇਖਕਾਂ ਦੀਆਂ ਕਿਤਾਬਾਂ ਸਨ। ਦਲਬੀਰ ਕੌਰ ਨੇ ਉਨ੍ਹਾਂ ਕਿਤਾਬਾਂ ਨੂੰ ਇਕ ਇਕ ਕਰ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਦਲਬੀਰ ਚੇਤਨ ਨੇ ਤਰਸੇਮ ਰਾਣਾ ਸਹੀ ਵਰ ਲੱਭਿਆ। ਚੇਤਨ ਨੇ ਦੋਹਾਂ ਨੂੰ ਮਿਲਾ ਦਿੱਤਾ। ਉਨ੍ਹਾਂ ਦੇ ਪਰਿਵਾਰਾਂ ਦੀਆਂ ਕੁਝ ਕੁ ਅੜਿਚਣਾਂ ਦੂਰ ਕਰ ਕੇ 1985 ਵਿਚ ਬਹੁਤ ਹੀ ਸਾਦਾ ਢੰਗ ਨਾਲ ਵਿਆਹ ਹੋ ਗਿਆ।

ਜਦੋਂ ਤਰਸੇਮ ਰਾਣਾ ਦੇ ਵਿਆਹ ਦੀ ਗੱਲ ਚਲਦੀ ਸੀ ਅਤੇ ਫ਼ੌਜ ਤੋਂ ਸੇਵਾ-ਮੁਕਤੀ ਵੀ ਨੇੜੇ ਆ ਰਹੀ ਸੀ। ਉਸ ਨੇ ਸੋਚਿਆ ਕਿ ਪਿੰਡ ਜਾ ਕੇ ਪੱਕਾ ਮਕਾਨ ਬਣਾਇਆ ਜਾਵੇ। ਇਸ ਕੰਮ ਲਈ ਕਿਰਪਾਲ ਕਜ਼ਾਕ ਨਾਲੋਂ ਨੇੜੇ ਦਾ ਦੋਸਤ ਅਤੇ ਨਿਪੁੰਨ ਕਾਰੀਗਰ ਕੋਈ ਨਹੀਂ ਹੋ ਸਕਦਾ। ਤਰਸੇਮ ਰਾਣੇ ਨੇ ਇਕ ਵਾਰ ਉਸ ਨੂੰ ਕਿਹਾ, ਕਿਰਪਾਲ ਕਜ਼ਾਕ ਝੱਟ ਤਿਆਰ ਹੋ ਗਿਆ। ਉਸ ਨੇ ਦਿਨਾਂ ਵਿਚ ਹੀ ਵਿਹੜੇ ਦੇ ਕੱਚੇ ਤੰਗ ਘਰਾਂ ਵਿਚਕਾਰ ਜੱਦੀ ਘਰ ਨੂੰ ਪੱਕਾ, ਚੁਬਾਰੇ ਵਾਲਾ ਮਕਾਨ



ਬਣਾ ਦਿੱਤਾ। ਦਲਬੀਰ ਕੌਰ ਜਦੋਂ ਵਿਆਹ ਕੇ ਪਹਿਲੀ ਵਾਰ ਆਈ ਤਾਂ ਘਰ ਕਮਲ ਦੇ ਫੁੱਲ ਵਾਂਗ ਖਿੜਿਆ ਪਿਆ ਸੀ। ਜਿਵੇਂ ਤਰਸੇਮ ਰਾਣਾ ਨੇ ਨੌਕਰੀ ਦੌਰਾਨ ਆਪ ਪ੍ਰਾਈਵੇਟ ਸਾਰੇ ਇਮਤਿਹਾਨ ਪਾਸ ਕੀਤੇ, ਉਸ ਤਰ੍ਹਾਂ ਦਲਬੀਰ ਕੌਰ ਨੂੰ ਦਸਵੀਂ ਤੋਂ ਬਾਅਦ ਦੀ ਪੜ੍ਹਾਈ ਪ੍ਰਾਈਵੇਟ ਸ਼ੁਰੂ ਕਰਾ ਦਿੱਤੀ। ਦਲਬੀਰ ਕੌਰ ਦੇ ਪੜ੍ਹਨ ਲਈ ਐਨਾ ਸਹਿਯੋਗ ਦਿੱਤਾ ਕਿ ਉਸ ਨੂੰ ਘਰ ਦਾ ਕੋਈ ਵੀ ਕੰਮ ਨਹੀਂ ਕਰਨ ਦਿੱਤਾ। ਕਿਤਾਬਾਂ ਤੋਂ ਲੈ ਕੇ ਹਰ ਲੋੜੀਂਦੀ ਚੀਜ਼ ਲਿਆ ਕੇ ਦਿੱਤੀ। ਆਪ ਬੈਠ ਕੇ ਪੜ੍ਹਾਇਆ। ਇਸੇ ਲਈ ਦਲਬੀਰ ਨੂੰ ਆਪਣੇ ਨਾਲ ਅੰਮ੍ਰਿਤਸਰ ਲੈ ਆਇਆ। ਏਅਰਫੋਰਸ ਦੇ ਕੁਆਟਰ ਛੱਡ ਕੇ ਯੂਨੀਵਰਸਿਟੀ ਦੇ ਲਾਗੇ ਕਮਰਾ ਲੈ ਲਿਆ। ਸਾਡਾ ਆਮ ਹੀ ਆਉਣ ਜਾਣ ਬਣਿਆਂ ਰਿਹਾ। ਸ਼ਾਮ ਨੂੰ ਮੇਰੇ ਨਿਆਣਿਆਂ ਨਾਲ ਦਲਬੀਰ ਕੌਰ ਨੇ ਹਾਸਾ-ਮਜ਼ਾਕ ਕਰਦੇ ਰਹਿਣਾ।

ਤਰਸੇਮ 1985 ’ਚ ਸੇਵਾ-ਮੁਕਤੀ ਤੋਂ ਬਾਅਦ ਨੌਕਰੀ ਦੀ ਭਾਲ ਵਿਚ ਸੀ। 1986 ਵਿਚ ਸਰਕਾਰੀ ਕਾਲਜ ਮਲੇਰਕੋਟਲਾ ਵਿਚ ਲੈਕਚਰਾਰ ਦੀਆਂ ਆਸਾਮੀਆਂ ਨਿਕਲੀਆਂ ਤਾਂ ਉਨ੍ਹਾਂ ਨੇ ਅਰਜ਼ੀ ਭੇਜ ਦਿੱਤੀ। ਉਨ੍ਹਾਂ ਦੀ ਲਿਆਕਤ, ਸੂਝਬੂਝ, ਵਿਦਿਅਕ ਯੋਗਤਾ ਤੇ ਫ਼ੌਜ ਦੀ ਸੇਵਾ ਵੇਖ ਕੇ ਪੰਜਾਬੀ ਲੈਕਚਰਾਰ ਚੁਣੇ ਗਏ। ਇੱਥੋਂ ਦੇ ਸਾਹਿਤਕ ਮਹੌਲ ਨੂੰ ਵੇਖ ਕੇ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਇਹੋ ਮਹੌਲ ਉਹ ਭਾਲਦੇ ਸੀ। ਪੰਜਾਬੀ ਵਿਭਾਗ ਦੇ ਵਿਦਵਾਨ ਮੁਖੀ ਪ੍ਰੋ. ਪਦਮ ਨੂੰ ਆਪਣਾ ਰਾਹਨੁਮਾ ਬਣਾ ਲਿਆ। ਉਨ੍ਹਾਂ ਦੇ ਸਾਥ ਨੂੰ ਸ਼ੇਰ ਦੀ ਸਵਾਰੀ ਦੱਸਿਆ ਕਰਦੇ ਸਨ। ਕਿਉਂਕਿ ਉਹ ਕਿਸੇ ਦਾ ਵੀ ਲਿਹਾਜ਼ ਨਹੀਂ ਸੀ ਕਰਦੇ। ਡਾ.ਐਸ ਤਰਸੇਮ ਤੇ ਪ੍ਰੋ. ਡੀਸੀ ਬਾਤਿਸ਼ ਨਾਲ ਮਿਲ ਕੇ ਕਾਲਜ ਤੇ ਇਲਾਕੇ ਵਿਚ ਸਾਹਿਤ ਸਭਾਵਾਂ ਕਰਦੇ, ਵਿਦਿਆਰਥੀਆਂ ਨੂੰ ਸੁਚਾਰੂ ਸਾਹਿਤ ਨਾਲ ਜੋੜਨ ਤੇ ਨਰੋਆ ਸਮਾਜ ਸਿਰਜਣ ਲਈ ਵਿਦਵਾਨਾਂ ਨੂੰ ਬੁਲਾ ਕੇ ਰੁਬਰੂ ਪ੍ਰੋਗਰਾਮ ਕਰਵਾਉਂਦੇ ਰਹਿੰਦੇ ਸਨ।

ਕੁਝ ਸਾਲਾਂ ਵਿਚ ਹੀ ਤਰਸੇਮ ਨੂੰ ਕੱਚੇ ਲੈਕਚਰਾਰ ਤੋਂ ਪੱਕੇ ਕਰ ਦਿੱਤਾ ਗਿਆ ਸੀ, ਕਿਉਂਕਿ ਉਨ੍ਹਾਂ ਦੀ ਲਿਆਕਤ ਅਤੇ ਕਾਲਜ ਲਈ ਹਰ ਕੰਮ ਮੋਹਰੀ ਹੋ ਕੇ ਕਰਨ ਦੀ ਵਿਸ਼ੇਸ਼ ਸਿਰੜੀ ਰੁਚੀ ਵੇਖੀ ਗਈ। ਸਾਰੀ ਉਮਰ ਉੱਥੇ ਹੀ ਲੰਘਾ ਦਿੱਤੀ। ਬਾ-ਇੱਜ਼ਤ ਸੇਵਾ-ਮੁਕਤ ਹੋਏ। ਪ੍ਰੋ. ਪਦਮ ਨੇ ਅਜਿਹੇ ਚੰਗੇ ਬੰਦੇ ਨੂੰ ਨੇੜੇ ਰੱਖਣ ਲਈ ਆਪਣੇ ਘਰ ਦੇ ਲਾਗੇ ਇਕ ਪਲਾਟ ਦੁਆ ਦਿੱਤਾ। ਤਰਸੇਮ ਨੇ ਆਪਣੇ ਪੱਕੇ ਭਰਾਵਾਂ ਵਰਗੇ ਮਿੱਤਰ ਕਿਰਪਾਲ ਕਜ਼ਾਕ ਨੂੰ ਜਾ ਫੜਿਆ। ਕਜ਼ਾਕ ਨੇ ਦਿਨ ਰਾਤ ਇਕ ਕਰ ਕੇ ਐਸਾ ਸ਼ਾਨਦਾਰ ਸਸਤਾ ਤੇ ਹਰ ਸਹੂਲਤ ਵਾਲਾ ਚਾਰ ਕਮਰਿਆਂ ਦਾ ਘੱਟ ਥਾਂ ਵਿਚ ਘਰ ਬਣਾਇਆ, ਹਰ ਕੋਈ ਵੇਖ ਕੇ ਹੈਰਾਨ ਹੋ ਜਾਂਦਾ ਹੈ।

ਤਰਸੇਮ ਰਾਣਾ ਆਪਣੇ ਭੈਣ-ਭਾਈਆਂ, ਰਿਸ਼ਤੇਦਾਰਾਂ ਦੀ ਹਰ ਵੇਲੇ ਤਨੋਂ-ਮਨੋਂ ਤੇ ਧਨੋਂ ਸਹਾਰਾ ਬਣਦਾ ਰਿਹਾ। ਉਸ ਦੀ ਜ਼ਿੰਦਗੀ ਦਾ ਪਸਾਰ ਫੈਲਦਾ ਹੀ ਗਿਆ। ਸਮਾਜਿਕ ਹਾਲਾਤ ਚੁਨੌਤੀ ਭਰੇ ਬਣਦੇ ਜਾ ਰਹੇ ਸਨ। ਉਹ ਆਪਣੇ ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸ਼, ਬੇਰੁਜਗਾਰੀ, ਦਹੇਜ-ਪ੍ਰਥਾ, ਜਾਤ-ਪਾਤ ਤੇ ਨਸ਼ਾਖੋਰੀ ਦੇ ਖਿਲਾਫ਼ ਡੱਟਣ ਤੇ ਉਸਾਰੂ ਸੋਚ ਅਪਣਾਉਣ ਲਈ ਪ੍ਰੇਰਦੇ ਰਹਿੰਦੇ।

ਤਰਸੇਮ ਕਦੇ-ਕਦੇ ਕਵਿਤਾ ਲਿਖਦਾ ਤਾਂ ਹਰੇਕ ਰਸਾਲਾ ਉਸ ਨੂੰ ਛਾਪਣ ਲਈ ਤਿਆਰ ਰਹਿੰਦਾ। ਅਜੇ ਪਿੱਛੇ ਜਿਹੇ ਹੀ ‘ਹੁਣ’ ਅਤੇ ‘ਸ਼ਿਲਾ-ਲੇਖ’ ਵਿਚ ਚੰਗੇ ਪਾਏ ਦੀਆਂ ਕਵਿਤਾਵਾਂ ਛੱਪੀਆਂ ਸਨ। ਘਰ ਪਰਿਵਾਰ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਤਨ, ਮਨ ਤੇ ਧੰਨ ਨਾਲ ਨਿਭਾਉਂਦੇ ਆ ਰਹੇ ਸਨ। ਦਲਬੀਰ ਕੌਰ ਨੂੰ ਤਸੱਲੀ ਰਹਿੰਦੀ ਕਿ ਉਨ੍ਹਾਂ ਨੇ ਉਸ ਦੇ ਸਾਰੇ ਕੰਮ ਪੂਰੇ ਕੀਤੇ ਹੋਏ ਹਨ। ਫਿਰ ਵੀ ਦਲਬੀਰ ਕੌਰ ਉਨ੍ਹਾਂ ਕੋਲ ਘੱਟ ਸਮਾਂ ਦੇਣ ਦੀ ਸ਼ਿਕਾਇਤ ਕਰਦੀ ਰਹਿੰਦੀ ਕਿਉਂਕਿ ਤਰਸੇਮ ਦਾ ਦੋਸਤੀਆਂ ਦਾ ਦਾਇਰਾ ਬਹੁਤ ਵਿਸ਼ਾਲ ਸੀ। ਉਹ ਕਿਸੇ ਨਾ ਕਿਸੇ ਕੰਮ ਤੁਰਿਆ ਹੀ ਰਹਿੰਦਾ। ਚਾਲ-ਚਲਣ ਪੱਖੋਂ ਅੱਜ ਤਕ ਕੋਈ ਵੀ ਉਂਗਲ ਨਹੀਂ ਉਠਾ ਸਕਿਆ। ਉਸ ਨੇ ਕਦੇ ਵੀ ਕਿਸੇ ਨਾਲ ਮਾੜੇ ਖਿਆਲਾਂ ਵਾਲੀ ਗੱਲ ਨਹੀਂ ਸੀ ਕੀਤੀ। ਸਿਰਫ਼ ਸਾਹਿਤ ਤੇ ਪਰਿਵਾਰਕ ਉਸਾਰੂ ਗੱਲਾਂ ਤਕ ਹੀ ਸੀਮਤ ਸਨ। ਆਪਣੀ ਅਤੇ ਬੱਚਿਆਂ ਪ੍ਰਤੀ ਪੂਰੀ ਇਮਾਨਦਾਰੀ ਨਾਲ ਵਫ਼ਾ ਨਿਭਾਈ। ਵੱਡੇ ਮੁੰਡੇ ਅਮਰਬੀਰ ਸਿੰਘ ਨੂੰ ਅਧਿਆਪਕ ਦਾ ਕੋਰਸ ਕਰਾ ਕੇ ਚੰਡੀਗੜ੍ਹ ਦੇ ਸਰਕਾਰੀ ਸਕੂਲ ਵਿਚ ਨੌਕਰੀ ’ਤੇ ਲਗਵਾਇਆ। ਛੋਟੇ ਬੇਟੇ ਅਰਸ਼ਦੀਪ ਨੂੰ ਥਾਪਰ ਕਾਲਜ ਪਟਿਆਲੇ ਕੋਰਸ ਕਰਾਇਆ ਤੇ ਉਹ ਹੋਣਹਾਰ ਬੱਚਾ ਅੱਗੇ ਵੀ ਪੜ੍ਹਦਾ ਰਿਹਾ।

ਸਾਰੀ ਉਮਰ ਦੇ ਸੰਘਰਸ਼-ਮਈ ਜੀਵਨ ਦਾ ਅੰਤ ਇਕ ਦਮ ਹੀ ਹੋ ਜਾਣਾ ਹੈ। ਸਾਰੇ ਦੋਸਤ-ਮਿੱਤਰ, ਪਰਿਵਾਰ ਮਨਹੂਸ ਖ਼ਬਰ ਅਚਾਨਕ ਸੁਣ ਕੇ ਸੁੰਨ ਹੋ ਗਏ ਸਨ। ਯਾਰਾਂ ਦਾ ਯਾਰ ਸਦਾ ਯਾਦ ਰਹੇਗਾ। ਇਹ ਘਾਟਾ ਕਦੇ ਪੂਰਾ ਹੋਣ ਵਾਲਾ ਨਹੀਂ। ਉਸ ਦੀ ਰੂਹ ਨੂੰ ਸ਼ਾਂਤੀ ਮਿਲੇ। •

## ਗ਼ਜ਼ਲਾਂ

ਦਿਲ ’ਚੋਂ ਕਿੱਦਾਂ ਉੱਠਿਆ, ਮੋਹ ਦਾ ਇਕ ਉਬਾਲ।
ਉਸ ਨੇ ਚੋਰੀ ਭੇਜਿਆ, ਚੁੰਮ ਸਫ਼ੈਦ ਰੁਮਾਲ।

ਕਿਹੜੇ ਵੇਲੇ ਹੋ ਗਈਆਂ, ਅੱਖਾਂ ਦੋ ਤੋਂ ਚਾਰ,
ਸੀਨੇ ’ਚੋਂ ਦਿਲ ਧੜਕਿਆ, ਡਾਢੀ ਤਾਕਤ ਨਾਲ।

ਹੱਥ ਹਵਾ ਦੇ ਉਸ ਨੇ, ਭੇਜੀ ਮਿੱਠੀ ਯਾਦ,
ਕੋਸੀ ਜ੍ਹੀ ਹੱਥ-ਘੁੱਟਣੀ, ਨਿੱਘੇ ਮੋਹ ਦੇ ਨਾਲ।

ਮੋਹ ਦਾ ਜਜ਼ਬਾ ਅੱਥਰਾ, ਧਰਤ ਨ ਲੱਗਣ ਪੈਰ,
ਆਇਆ ਜਾਪੇ ਉਸ ਦੇ, ਪੈਰਾਂ ਹੇਠ ਭੁਚਾਲ।

ਨੈਣ ਨਸ਼ੀਲੇ ਨਰਗਸੀ, ਮਿੱਠੀ ਨਜ਼ਰ ਕਮਾਲ,
ਜਿਹੜੇ ਪਾਸੇ ਤੱਕਦੇ, ਕਰਦੇ ਫਿਰਨ ਹਲਾਲ।

ਤਾਜ਼ਾ ਲਾਇਆ ਸਾਣ ’ਤੇ, ਤਿੱਖਾ ਲੰਮਾ ਨੱਕ,
ਮੱਥਾ ਲਿਸ਼ਕਾਂ ਮਾਰਦਾ, ਵਾਂਗ ਘਟਾਵਾਂ ਵਾਲ।

ਧੌਣ ਸੁਰਾਹੀ ਕੱਚ ਦੀ, ਲੰਮੀ ਪੂਰਾ ਹੱਥ,
ਸੋਹੇ ਸੋਨ-ਤਵੀਤੜੀ, ਕਾਲੀ ਸੂਤੀ ਨਾਲ।

ਰੰਗ ਬਸੰਤੀ, ਗੁੰਨ੍ਹਿਆ, ਆਟੇ ਵਿਚ ਸੰਧੂਰ,
ਸਿਫਤ ਕਰਾਂ ਕੀ ਉਸ ਦੀ, ਸ਼ਬਦ ਨ ਤੁਰਦੇ ਨਾਲ।

ਪੈਲਾਂ ਪਾ ਪਾ ਚੱਲਦੀ, ਨੀਵੀਂ ਪਾਉਂਦੇ ਮੋਰ,
ਲੋਰ ’ਚ ਭਰਦੀ ਚੁੰਗੀਆਂ, ਮਿਰਗਾਂ ਵਰਗੀ ਚਾਲ।

ਪੈਰੀਂ ਜੁੱਤੀ ਕੱਢਵੀਂ, ਪਹਿਰਨ ਸਾਦ-ਮੁਰਾਦ,
ਸਿਰ ’ਤੇ ਚੁੰਨੀ ਰੇਸ਼ਮੀ, ਉੱਡੇ ’ਵਾ ਦੇ ਨਾਲ।

ਮਿਸ਼ਰੀ ਨਾਲੋਂ ਮਿੱਠੜੇ, ਸ਼ਰਬਤ ਵਰਗੇ ਬੋਲ,
ਜਦ ਮੂੰਹੋਂ ਕੁਝ ਉੱਚਰੇ, ਦਿਲ ਨੂੰ ਦੇਵਣ ਤਾਲ।

ਕੱਦ ਸਰੂ ਦੇ ਵਾਂਗ ਹੈ, ਪਤਲ-ਪਤੰਗ ਸਰੀਰ,
ਡਰ ਲੱਗਦਾ ਹੈ ਉੱਡ ਨਾ, ਜਾਏ ਹਵਾ ਦੇ ਨਾਲ।

ਅੱਲ੍ਹੜ ਛੈਲ ਛਬੀਲੜੀ, ਕੁਦਰਤ ਦਿੱਤਾ ਰੂਪ,
ਕਾਦਰ ਵਿਹਲੇ ਬੈਠ ਕੇ, ਸਾਜੀ ਰੀਝਾਂ ਨਾਲ।

ਵੇਗ ਮੁਹੱਬਤ ਇਸ ਤਰ੍ਹਾਂ, ਜਿਉਂ ਸਾਗਰ ਦੀ ਛੱਲ,
ਉਸ ਦੇ ਮੋਹ ਦੀ ਮਿੱਤਰੋ, ਦੇਵਾਂ ਕਿੰਜ ਮਿਸਾਲ।

ਮੇਰੀ ਕਾਨੀ ਵੱਸ ਨਾ, ਕਥਨਾ ਹੁਸਨ ਹਜ਼ੂਰ,
ਸਿਫਤਾਂ ਖਾਤਰ ਕਿੱਧਰੋਂ, ਸ਼ਬਦ ਲਿਆਵਾਂ ਭਾਲ।

ਰਹਿਮਤ ਹੋਵੇ ਰੱਬ ਦੀ, ਮਿਲਦਾ ਹੁਸਨ, ਖ਼ੁਮਾਰ,
ਇਹ ਦੌਲਤ ਜਿਸ ਕੋਲ ਹੈ, ਉਹ ਹੈ ਮਾਲਾ-ਮਾਲ।

ਯਾਰ ਗ਼ਜ਼ਲ ਨੂੰ ਵਾਚ ਕੇ, ਕਰਨਾ ਉਸ ਨੂੰ ਯਾਦ,
ਦਿਲ ਦੇ ਵਿਹੜੇ ਪਾ ਗਿਆ, ਜਿਹੜਾ ਸ਼ਖ਼ਸ ਧਮਾਲ।

ਕੁਦਰਤ ਤੈਨੂੰ ਬਖਸ਼ਿਆ, ‘ਸੂਫ਼ੀ’ ਸੁੱਚਾ ਪਿਆਰ,
ਰੂਪ ਮੁਹੱਬਤ ਮਿੱਤਰੋ, ਮਿਲਣ ਮੁਕੱਦਰ ਨਾਲ।



• ਅਮਰ ‘ਸੂਫ਼ੀ’, ਮੋਬਾਈਲ : 98555-43660

ਸਭ ਦੀਆਂ ਨਜ਼ਰਾਂ ਤੋਂ ਹੇਠਾਂ ਗਿਰ ਗਿਆ।
ਛਾਨਣੀ ਚੋਂ ਰੇਤ ਵਾਂਗੂ ਕਿਰ ਗਿਆ।

ਮਹਿਕ ਉਸ ਦੀ ਹੋਂਦ ਰੱਖੇ ਬਰਕਰਾਰ,
ਫੁੱਲ ਵਿਚਾਰਾ ਤਿੱਤਲੀਆਂ ਵਿਚ ਘਿਰ ਗਿਆ।

ਕਿਸ ਨੇ ਕਰਨਾ ਹੈ ਭਰੋਸਾ ਉਸ ’ਤੇ ਫਿਰ,
ਸ਼ਖ਼ਸ ਜੋ ਅਪਨੀ ਜ਼ੁਬਾਨੋ ਫਿਰ ਗਿਆ।

ਭਾਗ ਮੇਰੇ ਹੋਣਗੇ ਉੱਚੇ ਬੜੇ,
ਦੇਸ਼ ਦੀ ਖਾਤਿਰ ਜੇ ਮੇਰਾ ਸਿਰ ਗਿਆ।

ਦਿਲ ਨਹੀਂ ਮੁੜਿਆ ਇਹ ਪਾਗਲ ਖਾ ਕੇ ਚੋਟ,
‘ਰਾਜ਼’ ਦਿਲਬਰ ਦੀ ਗਲੀ ਵਿਚ ਫਿਰ ਗਿਆ।



• ਰਾਜ਼ ਗੁਰਦਾਸਪੁਰੀ, ਮੋਬਾਈਲ 97803-13308

ਬੜਾ ਕੁਝ ਬਦਲਿਆ ਹੈ ਯਾਰੋ ਅੱਜ-ਕੱਲ੍ਹ ਘਰਾਂ ਅੰਦਰ।
ਰਹੀ ਅਪਣੱਤ ਨਾ ਪਹਿਲਾ ਜਿਹੀ ਅੱਜ-ਕੱਲ੍ਹ ਗਰਾਂ ਅੰਦਰ।

ਭਲਾ ਉਹ ਕੀ ਦਿਖਾਊ ਅੰਬਰਾਂ ਤੋਂ ਪਾਰ ਦੇ ਰਸਤੇ,
ਭਰੀ ਪਰਵਾਜ਼ ਨਾ ਜਿਸ ਨੇ ਕਦੇ ਅਪਣੇ ਪਰਾਂ ਅੰਦਰ।

ਕੀ ਲੈ ਜਾਣਾ ਹੈ ਏਥੋਂ ਬੰਦਿਆ ਕਰਕੇ ਮੇਰੀ-ਮੇਰੀ,
ਮੁਸਾਫ਼ਿਰ ਵਾਂਗ ਆਏ ਹਾਂ, ਅਸੀਂ ਜਗ ਦੀ ਸਰਾਂ ਅੰਦਰ।

ਮੈਂ ਸੁਣਿਆ ਸੱਜਣਾ ਨੇ ਇਸ਼ਕ ਨੂੰ ਵੀ ਰੋਗ ਕਹਿ ਭੰਡਿਆਂ,
ਬਿਆਨ ਕਿਵੇਂ ਕਰਾਂ ਇਸ਼ਕੇ ਨੂੰ, ਯਾਰੋ ਮੈਂ ਡਰਾਂ ਅੰਦਰ।

ਬੜੀ ਚਰਚਾ ਹੈ ਥਾਂ-ਥਾਂ ਹੋ ਰਹੀ ਨਾਰੀ ਦੇ ਹੱਕਾਂ ਦੀ,
ਮਗਰ ਮਹਿਫ਼ੂਜ਼ ਨਹੀਂ ਹੈ ਫੇਰ ਵੀ ਨਾਰੀ ਘਰਾਂ ਅੰਦਰ।

ਕਿਤਾਬਾਂ ਸੰਗ ਕਰ ਕੇ ਦੋਸਤੀ ਮਨ ਨੂੰ ਕਰਾਂ ਰੋਸ਼ਨ,
ਹਨੇਰੇ ਨੂੰ ਭਜਾਵਾਂ ਦੂਰ, ਦੀਵੇ ਮੈਂ ਧਰਾਂ ਅੰਦਰ।

ਤੈਨੂੰ ਲੱਗੇ ਮੈਂ ਸ਼ਾਇਰ ਬਣ ਗਿਆ ਵਿਛੜ ਕੇ ਤੇਰੇ ਤੋਂ,
ਕਿਵੇਂ ਦੱਸਾਂ ਤੈਨੂੰ ਸੱਜਣਾ, ਕਿੰਨੇ ਦੁਖੜੇ ਜਰਾਂ ਅੰਦਰ।



• ਮਨਦੀਪ ਗਿੱਲ ਧੜਾਕ, ਮੋਬਾਈਲ : 99881-11134

ਤੀਜੀ ਵਿਸ਼ਵ ਜੰਗ ਦਾ ਵੀ ਕਰ ਰਿਹਾ ਐਲਾਨ ਹੈ।
ਵੱਲ ਤਬਾਹੀ ਤੁਰ ਪਿਆ ਇਹ ਫਿਰ ਤੋਂ ਇਨਸਾਨ ਹੈ।

ਪੈਸੇ ਦੀ ਭੁੱਖੇ ਨੇ, ਗ਼ਲਤ ਵਰਤਿਆ ਤਕਨੀਕ ਨੂੰ,
ਸਮਝਿਆ ਹੀ ਨਾ ਇਹ ਸਰਾਪ ਕਿ ਵਰਦਾਨ ਹੈ।

ਜਲ, ਜੰਗਲ, ਜ਼ਮੀਨ ਕੀ ਹਵਾ ਤਕ ਵੀ ਵੇਚੀ ਗਈ,
‘ਕੱਠਾ ਵੀ ਜੋ ਕੀਤਾ ਉਹ ਵੀ ਮੌਤ ਦਾ ਸਮਾਨ ਹੈ।

ਇਹ ਅਵਸਥਾ ਬਚਪਨਾ, ਜੋਬਨ, ਬੁਢਾਪਾ ਖਾ ਗਈ,
ਰਾਜੇ ਦੀ ਕੁਰਸੀ ’ਤੇ ਜਦ ਵੀ ਬੈਠਿਆ ਸ਼ੈਤਾਨ ਹੈ।

ਦੁਨੀਆਂ ਸਿੱਖੇ ਦੇਸ਼ ਮੇਰੇ ਦੇ ਲੋਕਾਂ ਤੇ ਸੰਵਿਧਾਨ ਤੋਂ,
ਸਾਂਝ ਦੇ ਜਜ਼ਬੇ ਬਣਾਇਆ ਭਾਰਤ ਦੇਸ਼ ਮਹਾਨ ਹੈ।



• ਹਾਕਮ ਸਿੰਘ ਮੀਤ ਬੌਂਦਲੀ

*ਸਤਵੰਤ ਸਿੰਘ ਨੂੰ ਨਾਮਦਾਨ ਲਏ ਦੋ ਸਾਲ ਬੀਤ ਚੁੱਕੇ ਸਨ। ਬਾਬਾ ਜੀ ਨੇ ਉਸ ਨੂੰ ਸੰਸਥਾ ਦਾ ਜ਼ਿਲ੍ਹਾ ਪੱਧਰ ਦਾ ਮੁਖੀ ਬਣਾ ਦਿੱਤਾ ਨਾਲ ਇਹ ਵੀ ਕਿਹਾ, ‘ਜ਼ਿਲ੍ਹਾ ਮੁਖੀ ਬਣਨ ਵਾਲੇ ਨੂੰ ਸੰਸਥਾ ਨੂੰ ਵੱਡਾ ਦਾਨ ਦੇਣ ਦੀ ਰਵਾਇਤ ਹੈ ਤਾਕਿ ਉਸ ਤੋਂ ਪ੍ਰੇਰਨਾ ਲੈ ਕੇ ਦੂਸਰੇ ਸ਼ਰਧਾਲੂ ਖੁੱਲ੍ਹ ਕੇ ਦਾਨ ਦੇ ਸਕਣ’। ਸਤਵੰਤ ਸਿੰਘ ਨੇ ਸੜਕ ’ਤੇ ਲੱਗਦੀ ਆਪਣੀ ਮੋਠੂ ਮੱਲ ਦੇ ਖੂਹ ਵਾਲੀ 25 ਵਿੱਘੇ ਜ਼ਮੀਨ ਵੱਡਾ ਡੇਰਾ ਬਣਾਉਣ ਲਈ ਬਾਬਾ ਜੀ ਨੂੰ ਦਾਨ ’ਚ ਦੇ ਦਿੱਤੀ। ਘਰ ’ਚ ਕੋਈ ਵਿਰੋਧ ਨਹੀਂ ਹੋਇਆ...*

# ਲਾਲ ਜਾਲੀ ਵਾਲੀਆਂ ਕੰਧਾਂ



ਪ੍ਰਿੰ. ਪ੍ਰੇਮ ਲਤਾ
ਮੋਬਾਈਲ :98143-41746




ਕੁਲਬੀਰ ਅਤੇ ਸਤਬੀਰ ਅੱਠਵੀਂ ਜਮਾਤ ਵਿਚ ਸ਼ਹਿਰ ਦੇ ਨਿੱਜੀ ਸਕੂਲ ਵਿਚ ਪੜ੍ਹਦੇ ਸਨ। ਆਪਣੇ-ਆਪਣੇ ਸਾਈਕਲ ’ਤੇ ਦੋਵੇਂ ਜਣੇ ਪਿੰਡੋਂ ਇਕੱਠੇ ਹੀ ਚੱਲਦੇ। ਦੌੜਾਂ ਲਗਾਉਣਾ, ਕਈ ਵਾਰ ਸਾਈਕਲ ਵਿਚ ਸਾਈਕਲ ਭਿੜਾਉਣਾ, ਨਹਿਰ ਵਾਲੇ ਨਲਕੇ ਤੇ ਰੁਕਣਾ, ਠੰਡਾ ਪਾਣੀ ਪੀਣਾ, ਰੋਜ਼ਾਨਾ ਦੀ ਪ੍ਰਕਿਰਿਆ ਬਣ ਚੁੱਕੀ ਸੀ। ਨਲਕੇ ’ਤੇ ਪਾਣੀ ਪੀਣ ਲੱਗਿਆਂ ਸਤਬੀਰ ਦੀ ਨਜ਼ਰ ਪੁਲ ਦੇ ਨਾਲ ਲੱਗਦੇ ਉਨ੍ਹਾਂ ਦੇ ਖੇਤ ’ਚ ਮੋਠੂ ਮੱਲ ਦੇ ਖੂਹ ’ਤੇ ਪੈਂਦੀ ਸੀ, ਜਿੱਥੇ ਉਹ ਦੋਵੇਂ ਅਕਸਰ ਜਾਮਣਾ ਤੋੜਕੇ ਇਕੱਠੇ ਹੀ ਖਾਂਦੇ ਸਨ, ਇਕ ਦਿਨ ਜਦੋਂ ਪਿੱਪਲ ’ਤੇ ਬੈਠਾ ਇਕ ਗਰੁੜ ਦੇਖਿਆ ਤਾਂ ਦੋਵਾਂ ਨੇ ਇਸ ਕਰਕੇ ਮੱਥਾ ਟੇਕਿਆ ਸੀ ਤਾਂਕਿ ਇਮਤਿਹਾਨਾਂ ਵਿਚ ਚੰਗੇ ਨੰਬਰ ਲੈ ਕੇ ਪਾਸ ਹੋ ਜਾਣ। ਦਰੱਖ਼ਤਾਂ ’ਤੇ ਬੈਠੀਆਂ ਕੋਇਲਾਂ ਦੀ ਕੂ-ਕੂ ਸੁਣਨਾ, ਫਿਰ ਖੂਹ ਤੋਂ ਮੋਰਾਂ ਦੇ ਖੰਭ ਚੁੱਕ ਕੇ ਕਿਤਾਬਾਂ ’ਚ ਪਾਉਣਾ, ਕਦੇ-ਕਦੇ ਸੱਪ ਦੀ ਕੰਜ ਲੱਭ ਪੈਂਦੀ ਸੀ, ਉਸ ਨੂੰ ਕਿਤਾਬਾਂ ’ਚ ਪਾਉਣਾ, ਇਹ ਸਾਰੀਆਂ ਗੱਲਾਂ ਸਕੂਲ ਦੀ ਜ਼ਿੰਦਗੀ ਅਤੇ ਬਚਪਨ ਦੇ ਪੜ੍ਹਾਅ ਬਣ ਗਏ ਸਨ। ਦੋਵੇਂ ਸਕੂਲ ’ਚ ਇਕੱਠੇ ਹੀ ਪ੍ਰਵੇਸ਼ ਕਰਦੇ ਸਨ। ਫਿਰ ਸ਼ਾਮ ਵੇਲੇ ਦੋਵੇਂ ਜਣੇ ਹਾਕੀ ਇਕੱਠੇ ਹੀ ਖੇਡਣ ਜਾਂਦੇ ਸਨ। ਦੋਵਾਂ ਨੇ ਅੱਠਵੀਂ ਜਮਾਤ ਘਿਓ-ਖਿਚੜੀ ਵਾਂਗ ਰਹਿੰਦੇ ਹੋਏ ਚੰਗੇ ਨੰਬਰ ਲੈ ਕੇ ਪਾਸ ਕਰ ਲਈ।

ਦੋਵਾਂ ਨੇ ਨੌਂਵੀਂ ਜਮਾਤ ਦੀਆਂ ਕਿਤਾਬਾਂ ਬੜੇ ਹੀ ਚਾਵਾਂ ਨਾਲ ਲਈਆਂ। ਪਰ ਹੁਣ ਦੋਵਾਂ ਦੀ ਦੋਸਤੀ ਵਿਚ ਕੁਝ ਖਟਾਸ ਪੈਣੀ ਸ਼ੁਰੂ ਹੋ ਗਈ ਸੀ। ਬਚਪਨ ਦੀ ਉਮਰ ਕਾਰਨ ਬਚਪਨਾ ਸੁਭਾਅ ਤਾਂ ਹੈ ਹੀ ਸੀ, ਫ਼ਰਕ ਦੀ ਸਭ ਤੋਂ ਵੱਡੀ ਗੱਲ ਇਹ ਹੋਈ ਕਿ ਕੁਲਬੀਰ ਦਾ ਬਾਪੂ ਬੰਤ ਸਿੰਘ ਜੋ ਭੁੱਕੀ ਖਾਣ ਦਾ ਆਦਿ ਸੀ, ਜਿਸ ਕਾਰਨ ਪਰਿਵਾਰ ’ਤੇ ਭਾਰੀ ਕਰਜ਼ਾ ਚੜ੍ਹ ਗਿਆ ਸੀ। ਸਿੱਟੇ ਵਜੋਂ ਕੁੱਲ 25 ਵਿੱਘਿਆਂ ਵਿੱਚੋਂ 20 ਵਿੱਘੇ ਜ਼ਮੀਨ ਵਿਕ ਗਈ। ਘਰ ਦਾ ਖਰਚਾ ਚਲਾਉਣ ਲਈ ਬੰਤ ਸਿੰਘ ਨੂੰ ਸੀਰੀ ਰਲਣਾ ਪੈ ਗਿਆ। ਇਨ੍ਹਾਂ ਸਾਰੀਆਂ ਗੱਲਾਂ ਨੇ ਦੋਵਾਂ ਬੱਚਿਆਂ ’ਚ ਬਰਾਬਰੀ ਨੂੰ ਖ਼ਤਮ ਕਰ ਦਿੱਤਾ। ਸਤਬੀਰ, ਕੁਲਬੀਰ ਨੂੰ ਗੱਲ-ਗੱਲ ’ਤੇ ਅਮਲੀ ਕਹਿਣ ਲੱਗ ਪਿਆ। ਕੁਲਬੀਰ ਦਿਲੋਂ ਇਸ ਗੱਲ ਦਾ ਬੁਰਾ ਮਨਾਉਂਦਾ ਸੀ ਫਿਰ ਵੀ ਉਹ ਸਤਬੀਰ ਦੀ ਗੱਲ ਨੂੰ ਹੱਸ ਕੇ ਟਾਲ ਦਿੰਦਾ।

ਉਧਰ ਸਤਬੀਰ ਦਾ ਬਾਪੂ ਸਤਵੰਤ ਸਿੰਘ, ਜਿਹੜਾ ਕਿ 50 ਵਿੱਘਿਆਂ ਦਾ ਮਾਲਕ ਸੀ, ਪੂਰਾ ਹੈਂਕੜ ਬਾਜ ਸੀ। ਉਸ ਦੀ ਘਰਵਾਲੀ ਨੇ ਇਕ ਬਾਬੇ ਦਾ ਨਾਮਦਾਨ ਲਿਆ ਹੋਇਆ ਸੀ। ਬਾਬੇ ਦੇ ਸ਼ਰਧਾਲੂਆਂ ਨੇ ਸਤਵੰਤ ਸਿੰਘ ਦੀ ਪੀਪੀ ਵੋਟਾਂ ਨਾਲ ਭਰ ਦਿੱਤੀ। ਉਹ ਸਭ ਤੋਂ ਵਧ ਵੋਟਾਂ ਲੈ ਕੇ ਪਿੰਡ ਦਾ ਪੰਚ ਚੁਣਿਆ ਗਿਆ। ਜਿੱਤਣ ਤੋਂ ਬਾਅਦ ਤਾਂ ਸਤਵੰਤ ’ਤੇ ਵੀ ਬਾਬੇ ਦਾ ਰੰਗ ਚੜ੍ਹ ਗਿਆ। ਪਹਿਲਾਂ ਤਾਂ ਉਸ ਨੇ ਆਪ ਬਾਬਾ ਜੀ ਕੋਲੋਂ ਨਾਮਦਾਨ ਲਿਆ, ਫਿਰ ਨੌਂਵੀਂ ਜਮਾਤ ’ਚ ਪੜ੍ਹਦੇ ਸਤਬੀਰ ਨੂੰ ਨਾਮਦਾਨ ਦੀ ਬਖਸ਼ਿਸ਼ ਕਰਵਾਈ। ਬਾਬਾ ਜੀ ਨੇ ਆਪਣੇ ਹੱਥਾਂ ਨਾਲ ਆਪਣਾ ਇਕ ਚਿਨ੍ਹ ਸਤਬੀਰ ਦੇ ਗਲੇ ’ਚ ਪਾ ਦਿੱਤਾ।

ਹੁਣ ਸਾਰੇ ਪਰਿਵਾਰ ’ਤੇ ਹੀ ਬਾਬਾ ਜੀ ਦਾ ਰੰਗ ਚੜ੍ਹ ਚੁੱਕਾ ਸੀ। ਸਤਵੰਤ ਸਿੰਘ ਦੀ ਖ਼ੁਦ ਖੇਤੀ ਕਰਨ ’ਚ ਰੁਚੀ ਖ਼ਤਮ ਹੋ ਚੁੱਕੀ ਸੀ। ਉਹ ਜਾਂ ਤਾਂ ਪੰਚਾਇਤ ਦੇ ਕੰਮਾਂ ’ਚ ਰੁਝਾ ਰਹਿੰਦਾ ਜਾਂ ਫਿਰ ਆਪਣੇ ਟਰੱਕ ਵਿਚ ਸੰਗਤ ਨੂੰ ਬਿਠਾ ਕੇ ਮਹੀਨੇ ’ਚ ਦੋ ਜਾਂ ਤਿੰਨ ਗੇੜੇ ਬਾਬਾ ਜੀ ਦੇ ਡੇਰੇ ’ਚ ਜ਼ਰੂਰ ਲਗਾਉਂਦਾ ਸੀ। ਸੰਗਤ ਦੇ ਸਿਰ ’ਤੇ ਉਹ ਸਰਪੰਚੀ ਦੇ ਸੁਪਨੇ ਲੈਣ ਲੱਗ ਪਿਆ, ਜਿਸ ਕਾਰਨ ਉਹ ਸੰਗਤ ਉੱਪਰ ਖੁੱਲ੍ਹ ਕੇ ਖਰਚ ਕਰਦਾ।

ਜਦੋਂ ਸਤਬੀਰ ਬੜੇ ਚਾਅ ਨਾਲ ਬਾਬਾ ਜੀ ਦਾ ਚਿੰਨ੍ਹ ਗਲੇ ’ਚ ਪਾ ਕੇ ਸਕੂਲ ਗਿਆ ਤਾਂ ਜਮਾਤ ’ਚ ਦੂਸਰੇ ਬੱਚਿਆਂ ਨੇ ਚਿੰਨ੍ਹ ਦਾ ਮਜ਼ਾਕ ਉਡਾਇਆ। ਨਹਿਰ ਵਾਲੇ ਨਲਕੇ ਦਾ ਪਾਣੀ ਪੀਣ ਲੱਗਿਆਂ ਸਤਬੀਰ ਨੇ ਕੁਲਬੀਰ ਨੂੰ ਅਮਲੀਆ! ਨਲਕਾ ਗੇੜ ਦੇ ਕਿਹਾ ਤਾਂ ਕੁਲਬੀਰ ਨੇ ਵੀ ਉਸ ਦੇ ਗਲ਼ ’ਚ ਲਮਕਦੇ ਚਿੰਨ੍ਹ ਨੂੰ ਲੈ ਕੇ ਕੁਝ ਟੇਢਾ ਬੋਲ ਦਿੱਤਾ। ਇਸ ’ਤੇ ਸਤਬੀਰ ਨੇ ਕੁਲਬੀਰ ਦੇ ਇਕ ਥੱਪੜ ਜੜ ਦਿੱਤਾ, ਜਿਸ ਦੇ ਜਵਾਬ ’ਚ ਕੁਲਬੀਰ ਨੇ ਉਸ ਦੇ ਦੋ ਥੱਪੜ ਜੜ ਦਿੱਤੇ। ਬੱਚਿਆਂ ਦੇ ਇਸ ਝਗੜੇ ਨੇ ਪਿੰਡ ’ਚ ਇਕ ਵੱਡਾ ਬਖੇੜਾ ਖੜ੍ਹਾ ਕਰ ਦਿੱਤਾ। ਦੋਵੇਂ ਧਿਰਾਂ ਨੂੰ ਸਰਪੰਚ ਨੇ ਸੱਦ ਲਿਆ। ਸਤਵੰਤ ਸਿੰਘ ਨੇ ਪੰਚਾਇਤ ਦੇ ਸਾਹਮਣੇ ਬੋਲਦੇ ਹੋਏ ਕਿਹਾ, “ਸਾਰੇ ਪਿੰਡ ਨੂੰ ਪਤਾ ਹੈ ਕਿ ਬੰਤ ਸਿੰਘ ਪੱਕਾ ਅਮਲੀ ਹੈ, ਅਮਲ ਕਰਕੇ ਹੀ ਅੱਜ ਇਹ ਬੇ-ਜ਼ਮੀਨਾ ਹੋ ਗਿਆ, ਜੇ ਮੇਰੇ ਮੁੰਡੇ ਨੇ ਇਸ ਦੇ ਮੁੰਡੇ ਨੂੰ ਅਮਲੀ ਬੋਲ ਦਿੱਤਾ ਤਾਂ ਉਸ ਨੇ ਇਹ ਗੱਲ ਬੰਤ ਸਿੰਘ ਦੇ ਚਰਿੱਤਰ ਨੂੰ ਸਾਹਮਣੇ ਰੱਖਦੇ ਹੋਏ ਬੋਲ ਦਿੱਤੀ, ਪਰ ਇਸ ਦੇ ਮੁੰਡੇ ਨੇ ਸਾਡੇ ਗੁਰੂ ਬਾਰੇ ਅਪਸ਼ਬਦ ਬੋਲੇ, ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ।” ਉਸ ਦੇ ਪਿੱਛੇ ਪਿੰਡ ਦੇ ਕਈ ਹੋਰ ਬੰਦੇ ਵੀ ਕਹਿਣ ਲੱਗੇ, “ਅਸੀਂ ਅੱਗੇ ਤੋਂ ਇਹ ਬਰਦਾਸ਼ਤ ਨਹੀਂ ਕਰਾਂਗੇ” ਬੰਤ ਸਿੰਘ ਨੇ ਹੱਥ ਜੋੜ ਕੇ ਪੰਚਾਇਤ ਨੂੰ ਕਿਹਾ, “ਮੈਂ ਮੇਰੇ ਮੁੰਡੇ ਵੱਲੋਂ ਕੀਤੀ ਗਈ ਗ਼ਲਤੀ ਦੀ ਮਾਫ਼ੀ ਮੰਗਦਾ ਹਾਂ, ਅੱਗੇ ਤੋਂ ਇਹ ਅਜਿਹਾ ਕੁਝ ਵੀ ਨਹੀਂ ਬੋਲੇਗਾ”।

ਸਰਪੰਚ ਨੇ ਦੋਵੇਂ ਧਿਰਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਇਹ ਬੱਚਿਆਂ ਦੀ ਲੜਾਈ ਹੈ, ਆਪਾਂ ਸਿਆਣਿਆਂ ਨੂੰ ਇਸ ਵਿਚ ਨਹੀਂ ਉਲਝਣਾ ਚਾਹੀਦਾ ਨਾਲ ਹੀ ਉਸ ਨੇ ਦੋਵੇਂ ਬੱਚਿਆਂ ਨੂੰ ਝਿੜਕਦੇ ਹੋਏ ਕਿਹਾ, “ਅੱਗੇ ਤੋਂ ਇਕ ਦੂਜੇ ਬਾਰੇ ਕੋਈ ਚੁਭਵੀਂ ਗੱਲ ਨਹੀਂ ਬੋਲਣੀ, ਦੋਵੇਂ ਦੋਸਤ ਬਣ ਕੇ ਪੜ੍ਹੋ, ਚਲੋ ਦੋਵੇਂ ਜੱਫ਼ੀ ਪਾ ਕੇ ਮਿਲੋ”।

ਪਿੰਡ ਦੇ ਸਾਰੇ ਬੰਦੇ ਆਪਣੇ-ਆਪਣੇ ਘਰ ਚਲੇ ਗਏ ਪਰ ਸਤਵੰਤ ਸਿੰਘ ਅਜੇ ਸਰਪੰਚ ਦੇ ਪਾਸ ਹੀ ਬੈਠਾ ਸੀ। ਸਰਪੰਚ ਨੇ ਆਪਣੇ ਅੰਦਾਜ਼ ’ਚ ਕਿਹਾ, ਸਤਵੰਤ ਸਿੰਘ ਜੱਟ ਹੋ ਕੇ ਜਿਹੜਾ ਤੂੰ ਇਨ੍ਹਾਂ ਬਾਬਿਆਂ ਪਿੱਛੇ ਲੱਗਾ ਹੈਂ, ਇਹ ਵੀ ਇਕ ਅਮਲ ਹੈ, ਜਿਹੜਾ ਭੁੱਕੀ ਵਾਲੇ ਅਮਲ ਨਾਲੋਂ ਵੀ ਖ਼ਤਰਨਾਕ ਹੈ, ਜੱਟ ਦਾ ਖੇਤ ਹੀ ਬਾਬਾ ਹੋਣਾ ਚਾਹੀਦਾ ਹੈ ਤਾਂ ਹੀ ਜੱਟ ਬਚੇਗਾ। ਸਤਵੰਤ ਸਿੰਘ ਬਿਨਾਂ ਕੋਈ ਅਸਰ ਕਬੂਲਦਿਆਂ ਹੱਥ ਮਿਲਾ ਕੇ ਘਰ ਨੂੰ ਵਾਪਸ ਚਲਾ ਗਿਆ।

ਹੁਣ ਸਤਵੰਤ ਸਿੰਘ ਨੂੰ ਨਾਮਦਾਨ ਲਏ 2 ਸਾਲ ਹੋ ਚੁੱਕੇ ਸਨ। ਬਾਬਾ ਜੀ ਨੇ ਉਸ ਨੂੰ ਸੰਸਥਾ ਦਾ ਜ਼ਿਲ੍ਹਾ ਪੱਧਰ ਦਾ ਮੁੱਖੀ ਬਣਾ ਦਿੱਤਾ ਨਾਲ ਇਹ ਵੀ ਕਿਹਾ, ‘ਜ਼ਿਲ੍ਹਾ ਮੁੱਖੀ ਬਣਨ ਵਾਲੇ ਨੂੰ ਸੰਸਥਾ ਨੂੰ ਵੱਡਾ ਦਾਨ ਦੇਣ ਦੀ ਰਵਾਇਤ ਹੈ ਤਾਕਿ ਉਸ ਤੋਂ ਪ੍ਰੇਰਣਾ ਲੈ ਕੇ ਦੂਸਰੇ ਸ਼ਰਧਾਲੂ ਖੁੱਲ੍ਹਕੇ ਦਾਨ ਦੇ ਸਕਣ”। ਸਤਵੰਤ ਸਿੰਘ ਨੇ ਸੜਕ ’ਤੇ ਲੱਗਦੀ ਆਪਣੀ ਮੋਠੂ ਮੱਲ ਦੇ ਖੂਹ ਵਾਲੀ 25 ਵਿੱਘੇ ਜ਼ਮੀਨ ਵੱਡਾ ਡੇਰਾ ਬਣਾਉਣ ਲਈ ਬਾਬਾ ਜੀ ਨੂੰ ਦਾਨ ’ਚ ਦੇ ਦਿੱਤੀ। ਘਰ ’ਚ ਕੋਈ ਵਿਰੋਧ ਨਹੀਂ ਹੋਇਆ, ਸਗੋਂ ਪਰਲੋਕ ਸੁਧਾਰਨ ਲਈ ਇਸ ਨੂੰ ਇਕ ਚੰਗਾ ਕਦਮ ਦੱਸਿਆ।

ਉਧਰ ਸਤਬੀਰ ਦਾ ਧਿਆਨ ਹੁਣ ਬਾਬੇ ਤੇ ਡੇਰੇ ਵੱਲ ਹੀ ਰਹਿਣ ਲੱਗ ਪਿਆ। ਉਹ ਹਰ ਵੇਲੇ ਟਰੱਕ ਦੇ ਨਾਲ ਵੱਡੇ ਡੇਰੇ ’ਚ ਜਾਂਦਾ ਸੀ। ਹਰ ਐਤਵਾਰ ਆਪਣੇ ਸ਼ਹਿਰ ਵਾਲੇ ਡੇਰੇ ’ਚ ਸੇਵਾ ’ਚ ਲੱਗਾ ਰਹਿੰਦਾ, ਜਿਸ ਦਾ ਨਤੀਜਾ ਇਹ ਨਿਕਲਿਆ, ਪੜ੍ਹਾਈ ’ਚ ਉਸ ਦਾ ਦਿਮਾਗ਼ ਲੱਗਣੋਂ ਹਟ ਗਿਆ ਅਤੇ ਦਸਵੀਂ ਜਮਾਤ ਦੇ ਇਮਤਿਹਾਨਾਂ ’ਚ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਜਦੋਂ ਕਿ ਕੁਲਬੀਰ ਨੇ ਦਸਵੀਂ ਪਹਿਲੇ ਦਰਜੇ ’ਚ ਪਾਸ ਕਰ ਲਈ ਅਤੇ ਅੱਗੋਂ ਦੀ ਪੜ੍ਹਾਈ ਲਈ ਨਵਾਂ ਦਾਖ਼ਲਾ ਲੈ ਲਿਆ। ਸਤਬੀਰ ਵੱਲੋਂ ਅਮਲੀ ਕਿਹਾ ਜਾਣਾ ਉਸ ਲਈ ਵਰਦਾਨ ਸਿੱਧ ਹੋ ਰਿਹਾ ਸੀ। ਉਸ ਨੇ ਕੁਝ ਬਣਨ ਲਈ ਧਾਰ ਲਿਆ ਸੀ।

ਸਤਵੰਤ ਸਿੰਘ ਦੇ ਬੁਰੇ ਦਿਨ ਚਾਲੂ ਹੋ ਚੁੱਕੇ ਸਨ। ਸਰਪੰਚੀ ਵੀ ਹਾਰ ਗਿਆ ਅਤੇ ਸਿਰ ਚੰਗਾ ਖ਼ਾਸਾ ਕਰਜ਼ਾ ਵੀ ਚੜ੍ਹ ਗਿਆ। ਆਖਿਰ ਨੂੰ ਕਰਜ਼ਾ ਐਨਾ ਵਧ ਗਿਆ, ਉਪਰ ਦੀ ਕੁੜੀ ਦਾ ਵਿਆਹ ਵੀ ਕਰਨਾ ਸੀ, ਉਸ ਨੂੰ ਆਪਣੀ ਰਹਿੰਦੀ ਜ਼ਮੀਨ ਵੀ ਵੇਚਣੀ ਪੈ ਗਈ। ਜ਼ਮੀਨ ਵੱਲ ਉਸ ਦਾ ਮੋਹ ਵੀ ਘੱਟ ਗਿਆ ਸੀ ਤੇ ਟਰੱਕ ਵੀ ਵੇਚ ਦਿੱਤਾ। ਹੁਣ ਉਹ ਪੂਰੀ ਤਰ੍ਹਾਂ ਬੇਜ਼ਮੀਨਾ ਹੋ ਚੁੱਕਾ ਸੀ। ਮੁੰਡਾ ਸਤਬੀਰ ਵੀ ਪੜ੍ਹਨੋਂ ਹਟ ਗਿਆ। ਕੁੜੀ ਦੇ ਵਿਆਹ ਤੋਂ ਤੁਰੰਤ ਪਿੱਛੋਂ ਸਤਵੰਤ ਸਿੰਘ ਬਿਮਾਰ ਰਹਿਣ ਲੱਗ ਪਿਆ। ਉਸ ਦਾ ਅੰਦਰਲਾ ਜੱਟ ਮਰ ਚੁੱਕਾ ਸੀ। ਦੋ ਕੁ ਸਾਲਾਂ ਬਾਅਦ ਹੀ ਉਹ ਰੱਬ ਨੂੰ ਪਿਆਰਾ ਹੋ ਗਿਆ। ਸਤਬੀਰ 17 ਸਾਲਾਂ ਦਾ ਹੋ ਚੁੱਕਾ ਸੀ। ਘਰ ਦੀ ਸਾਰੀ ਕਬੀਲਦਾਰੀ ਉਸ ਦੇ ਗੱਲ ਪੈ ਚੁੱਕੀ ਸੀ। ਆਪਣੇ ਮਨ ਨੂੰ ਸਮਝਾ ਕੇ ਉਹ ਸੀਰੀ ਰਲ ਗਿਆ।

ਸਤਬੀਰ ਦੇ ਸੀਰੀ ਰਲਿਆਂ ਨੂੰ ਦਸ ਸਾਲ ਬੀਤ ਗਏ। ਇਕ ਸ਼ਾਮ ਉਹ ਸ਼ਹਿਰ ਦੇ ਬੱਸ ਅੱਡੇ ਉਪਰ ਖੜ੍ਹਾ ਬੱਸ ਦੀ ਉਡੀਕ ਕਰ ਰਿਹਾ ਸੀ। ਕੁਲਬੀਰ ਜੋ ਹੁਣ ਸਰਕਾਰੀ ਸਕੂਲ ’ਚ ਉਪ-ਪ੍ਰਿੰਸੀਪਲ ਦੀ ਡਿਊਟੀ ਨਿਭਾ ਰਿਹਾ ਸੀ, ਸਤਬੀਰ ਨੂੰ ਖੜ੍ਹਿਆਂ ਦੇਖਿਆ ਉਸ ਨੇ ਕਾਰ ਰੋਕ ਲਈ। ਕਾਰ ਵਿੱਚੋਂ ਉੱਤਰ ਕੇ ਘੁੱਟ ਕੇ ਜੱਫ਼ੀ ਪਾ ਲਈ। ਦੋਵਾਂ ਨੇ ਜੂਸ ਦੇ ਦੋ ਗਲਾਸ ਪੀਤੇ ਤੇ ਦੋਵੇਂ ਇਕੱਠੇ ਪਿੰਡ ਨੂੰ ਚੱਲ ਪਏ। ਜਦੋਂ ਨਹਿਰ ’ਤੇ ਪਹੁੰਚੇ ਤਾਂ ਨਲਕੇ ਦਾ ਠੰਡਾ ਪਾਣੀ ਪੀਣਾ ਨਾ ਭੁੱਲੇ। ਕੁਲਬੀਰ ਨਲਕਾ ਗੇੜ ਰਿਹਾ ਸੀ ਸਤਬੀਰ ਪਾਣੀ ਪੀ ਰਿਹਾ ਸੀ, ਪਰ ਕੁਲਬੀਰ ਨੂੰ ਉਸ ਦੇ ਗਲ਼ ’ਚ ਲਮਕਦਾ ਚਿੰਨ੍ਹ ਨਜ਼ਰ ਨਹੀਂ ਆਇਆ। ਪਾਣੀ ਪਿਦਿਆਂ ਸਤਬੀਰ ਦੀਆਂ ਨਜ਼ਰਾਂ ਲਾਲ ਜਾਲੀ ਵਾਲੀਆਂ ਕੰਧਾਂ ਉੱਪਰ ਦੌੜ ਰਹੀਆਂ ਸਨ, ਜਿੱਥੇ ਕਦੇ ਉਹ ਮੋਠੂ ਮੱਲ ਦੇ ਖੂਹ ਉੱਪਰ ਜਾਮਣਾ ਤੋੜ ਕੇ ਖਾਇਆ ਕਰਦੇ ਸਨ, ਉੱਥੇ ਹੁਣ ਨਿਰਜੀਵ ਯੁਗ ਦੇ ਸ਼ੈੜੌ ਨਜ਼ਰ ਆ ਰਹੇ ਸਨ। ਕੁਦਰਤ ਦਾ ਭਗਵਾਨ ਗਰੁੜ, ਕੋਇਲਾਂ ਦੀ ਕੂ-ਕੂ ਤੇ ਮੋਰਾਂ ਦੇ ਖੰਭ ਕਦੇ ਵੀ ਨਹੀਂ ਦਿਖਣਗੇ। •

## ਕਵਿਤਾ

### ਮਿਡ ਡੇ ਮੀਲ

ਨਿੱਤ ਤੜਕੇ ਤੜਕੇ ਉਠਕੇ
ਰੱਬ ਦਾ ਨਾਮ ਧਿਆ ਕੇ
ਕਾਹਲੀ ਕਾਹਲੀ ਹੁੰਦੀ ਤਿਆਰੀ
ਰੋਟੀ ਡੇਢ ਕੁ ਖਾ ਕੇ।

ਇਕ ਪਰਸ ਬੋਰੀ ਜਿੱਡਾ
ਰੱਖ ਸਕੂਟਰੀ ਉੱਤੇ
ਵੱਡਾ ਰਜਿਸਟਰ ਮਿਡ ਡੇ ਮੀਲ ਦਾ
ਡਿੱਗੀ ਦੇ ਵਿਚ ਸੁੱਟੇ।

ਤੁਰਦੀ ਭੈਣ ਜੀ
ਸਕੂਟਰੀ ਨੂੰ ਹੱਥ ਪਾ ਕੇ।
ਰੱਖੇ ਸਪੀਡ ਫਿਰ 70-80
ਕਿਤੇ ਟੀਮ ਨਾ ਬਹਿ ਜਾਏ ਆ ਕੇ।

7:50 ’ਤੇ ਪਹੁੰਚ ਸਕੂਲੇ
ਸਵੇਰ ਦੀ ਹਾਜ਼ਰੀ ਲਾਵੇ
ਕੱਢ ਰਜਿਸਟਰ ਮਿਡ ਡੇ ਮੀਲ ਦਾ
ਕਣਕ ਤੇ ਚੌਲ ਮਿਲਾਵੇ।

ਕਿੰਨੇ ਬੱਚੇ ਕਿਹੜੀ ਜਮਾਤ ਦੇ
ਸਾਰਾ ਹਿਸਾਬ ਲਗਾ ਕੇ
ਮੈਡਮ ਜਾਵੇ ਸਬਜ਼ੀ ਲੈਣ ਨੂੰ
ਝੋਲਾ ਮੋਢੇ ਪਾ ਕੇ।

ਦਿਨ ਦੇ ਹਿਸਾਬ ਨਾਲ ਬਣਦਾ ਰਾਸ਼ਨ
ਬੱਚੇ ਜ਼ਿਆਦਾ ਹੋਣ ਜਾਂ ਥੋੜ੍ਹੇ
ਵੀਰਵਾਰ ਦਾ ਦਿਨ ਆ ਅੱਜ ਤਾਂ
ਬਣਾ ਲਓ ਕੜੀ ਪਕੌੜੇ।

ਖਵਾ ਬੱਚਿਆਂ ਨੂੰ ਕੜੀ ਤੇ ਚਾਵਲ
ਲਾਈਨਾਂ ਵਿਚ ਬਿਠਾ ਕੇ
ਤੁਸੀਂ ਜਾਣ ਨਹੀ ਦੇਣਾ ਕੋਈ ਵੀ ਬੀਬੀ
ਪਲੇਟਾਂ ਰੱਖਣੀਆਂ ਧੁਆ ਕੇ।

ਨਿੱਤ ਲੜਾਈ ਹੁੰਦੀ ਹੈੱਡ ਨਾਲ
ਕੰਮ ਕਿਵੇਂ ਚੱਲ ਜਾਊ ਸੁੱਕਾ
ਕਿੱਦਾਂ ਬਣੂ ਕੱਲ੍ਹ ਦਾ ਰਾਸ਼ਨ,
ਬਾਲਣ ਸਾਰਾ ਮੁੱਕਾ।

ਇੰਜ ਖਿਝਦੇ-ਝੰਬਦੇ ਦਿਨ ਲੰਘਦਾ ਏ
ਮੈਡਮ ਬੱਚਿਆਂ ਨੂੰ ਕਿਵੇਂ ਪੜ੍ਹਾਵੇ?
ਜੇ ਲੱਗਦਾ ਹੈਨੀ ਕੋਈ ਵੀ ਪੀਰੀਅਡ
ਫਿਰ ਨਤੀਜਾ ਕਿੱਥੋਂ ਆਵੇ?

ਕਦੇ ਬਣਦੀ ਏ ਦਾਲ ਤੇ ਸਬਜ਼ੀ
ਕਦੀ ਖੀਰ ਮੇਵੇ ਪਾ ਕੇ
ਅਧਿਆਪਕ ਬਣਾ ਕੇ ਰੱਖੇ ਰਸੋਈਏ
ਮਿਡ ਡੇ ਮੀਲ ਨੇ ਸਕੂਲੇ ਆ ਕੇ...।



• ਪੂਨਮ ਦੇਵੀ
ਮੋਬਾਈਲ : 98775-06693

# ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕੀਤੇ ਲਗਭਗ 3 ਕਰੋੜ ਦੇ ਨੀਂਹ ਪੱਥਰ ਤੇ ਉਦਘਾਟਨ



ਚੰਡੀਗੜ੍ਹ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬੇ ਦੇ ਸਿਹਤ ਬਜਟ ਦਾ ਇੱਕ-ਇੱਕ ਪੈਸਾ ਜਨਤਾ ਦੀ ਭਲਾਈ ਅਤੇ ਅੱਤਆਧੁਨਿਕ ਸਹੂਲਤਾਂ @ਤੇ ਖਰਚ ਕੀਤਾ ਜਾ ਰਿਹਾ ਹੈ। ਹਰਿਆਣਾ ਹੁਣ ਹੈਲਥ ਹੱਬ ਬਨਣ ਦੀ ਰਾਹ @ਤੇ ਤੇਜੀ ਨਾਲ ਵੱਧ ਰਿਹਾ ਹੈ।

ਸਿਹਤ ਮੰਤਰੀ ਅੱਜ ਨਾਰਨੌਲ ਦੇ ਅਟੇਲੀ ਹਲਕੇ ਵਿੱਚ ਵੱਖ-ਵੱਖ ਵਿਕਾਸ ਕੰਮਾਂ ਦੇ ਉਦਘਾਟਨ ਤੇ ਨੀਂਹ ਪੱਥਰ ਮੌਕੇ @ਤੇ ਜਨਸਭਾ ਨੂੰ ਸੰਬੋਧਿਤ ਕਰ ਰਹੀ ਸੀ।

ਇਸ ਦੌਰਾਨ ਉਨ੍ਹਾਂ ਨੇ ਲਗਭਗ 3 ਕਰੋੜ ਰੁਪਏ ਦੇ ਵਿਕਾਸ ਕੰਮਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਕੀਤਾ ਗਿਆ। ਉਨ੍ਹਾਂ ਨੇ ਪਿੰਡ ਸਾਏ, ਸਰਾਨੀ ਅਤੇ ਗੁਜਰਵਾਸ ਨੂੰ 8-8 ਲੱਖ ਰੁਪਏ ਅਤੇ ਛਾਪੜਾ ਸਲੀਮਪੁਰ ਅਤੇ ਖੋੜ ਦੇ ਵਿਕਾਸ ਲਈ 10-10 ਲੱਖ ਰੁਪਏ ਦਾ ਐਲਾਨ ਕੀਤਾ।

ਉਨ੍ਹਾਂ ਨੇ ਗ੍ਰਾਮੀਣਾਂ ਨਾਲ ਸਿੱਧਾ ਸੰਵਾਦ ਕਰ ਉਨ੍ਹਾਂ ਦੀ ਸਮਸਿਆਵਾਂ ਸੁਣੀਆਂ ਅਤੇ ਸਬੰਧਿਤ ਅਧਿਕਾਰੀਆਂ ਨੂੰ ਹੱਲ ਲਈ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ।

ਮੰਤਰੀ ਨੇ ਕਿਹਾ ਕਿ ਅਟੇਲੀ ਦੀ ਜਨਤਾ ਨੇ ਉਨ੍ਹਾਂ @ਤੇ ਅਤੇ ਸੂਬੇ ਦੀ ਭਾਜਪਾ ਸਰਕਾਰ @ਤੇ ਜੋ ਭਰੋਸਾ ਜਤਾਇਆ ਹੈ, ਉਹੀ ਉਨ੍ਹਾਂ ਲਈ ਸੱਭ ਤੋਂ ਵੱਧ ਪ੍ਰੇਰਣਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਕੋਰਿਆਵਾਸ ਮੈਡੀਕਲ ਕਾਲਜ ਵਿੱਚ ਸੀਨੀਅਰ ਰੇਜੀਡੇਂਟ ਡਾਕਟਰਸ ਦੇ 68 ਅਹੁਦਿਆਂ ਲਈ ਇੰਟਰਵਿਊ ਚੱਲ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਖੇਤਰ ਦਾ ਸਮੂਚੇ ਵਿਕਾਸ, ਬਿਹਤਰ ਸਿਹਤ ਸੇਵਾਵਾਂ ਅਤੇ ਮੁੱਢਲੀ ਸਹੂਲਤਾਂ ਨੂੰ ਹਰ ਘਰ ਤੱਕ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਪ੍ਰਾਥਮਿਕਤਾ ਹੈ। ਚੋਣ ਦੌਰਾਨ ਕੀਤੇ ਗਏ ਸਾਰੇ ਵਾਅਦਿਆਂ ਨੂੰ ਸਮੇਂਬੱਧ ਢੰਗ ਨਾਲ ਪੂਰ ਕੀਤਾ ਜਾਵੇਗਾ।

# ਸਰਕਾਰ ਦੀ ਨਵੀਂ ਪਹਿਲ ਹਰਿਆਣਾ ਨੂੰ ਨਵੀਨਤਾ ਦਾ ਕੇਂਦਰ ਬਣਾਉਣਾ ਹੈ

ਚੰਡੀਗੜ੍ਹ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਮਾਨੇਸਰ ਵਿੱਚ ਆਯੋਜਿਤ ਬਜਟ ਤੋਂ ਪਹਿਲਾਂ ਸਲਾਹ-ਮਸ਼ਵਰੇ ਵਿੱਚ ਸਟਾਰਟਅੱਪ ਸੰਸਥਾਪਕਾਂ ਅਤੇ ਉੱਦਮੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਨੌਜਵਾਨ ਨਵੀਨਤਾਕਾਰੀ ਅਤੇ ਸਟਾਰਟਅੱਪ ਹਰਿਆਣਾ ਦੀ ਆਰਥਿਕਤਾ ਨੂੰ ਇੱਕ ਨਵੀਂ ਦਿਸ਼ਾ ਦੇ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ÷ਰਾਸ਼ਟਰੀ ਸਟਾਰਟਅੱਪ ਦਿਵਸ÷ 16 ਜਨਵਰੀ ਨੂੰ ਮਨਾਇਆ ਗਿਆ ਸੀ, ਅਤੇ ਅੱਜ ਦਾ ਬਜਟ ਤੋਂ ਪਹਿਲਾਂ ਸਲਾਹ-ਮਸ਼ਵਰਾ ਉਸ ਜਸ਼ਨ ਦੀ ਨਿਰੰਤਰਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦ੍ਰਿਸ਼ਟੀਕੋਣ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ÷ਸਟਾਰਟਅੱਪ ਇੰਡੀਆ÷ ਸਿਰਫ਼ ਇੱਕ ਸਰਕਾਰੀ ਯੋਜਨਾ ਨਹੀਂ ਹੈ, ਸਗੋਂ ਇੱਕ ÷ਰੇਨਬੋ ਵਿਜ਼ਨ÷ ਹੈ ਜੋ ਵੱਖ-ਵੱਖ ਖੇਤਰਾਂ ਨੂੰ ਨਵੀਆਂ ਸੰਭਾਵਨਾਵਾਂ ਨਾਲ ਜੋੜਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਸਟਾਰਟਅੱਪ ਇੱਕ ਅਜਿਹਾ ਵਿਚਾਰ ਹੈ ਜਿਸਨੂੰ ਠੋਸ ਰੂਪ ਦੇਣ ਦੀ ਲੋੜ ਹੈ। ਇਹ



ਤੇਜ਼ ਰਫ਼ਤਾਰ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ, ਦੇਸ਼ ਵੱਡੇ ਅਤੇ ਇਤਿਹਾਸਕ ਬਦਲਾਅ ਦੇਖ ਰਿਹਾ ਹੈ। ਭਾਵੇਂ ਇਹ ਸੜਕ ਅਤੇ ਆਵਾਜਾਈ ਦੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਹੋਵੇ ਜਾਂ ਹੋਰ ਵਿਕਾਸ ਪ੍ਰੋਜੈਕਟਾਂ ਵਿੱਚ, ਭਾਰਤ ਇੱਕ ਬੇਮਿਸਾਲ ਗਤੀ ਨਾਲ ਤਰੱਕੀ ਕਰ ਰਿਹਾ ਹੈ। ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਦੇਸ਼ ਵਿਕਾਸ ਦੀ ਇੱਕ ਨਵੀਂ ਦਿਸ਼ਾ ਵੱਲ ਵਧਿਆ ਹੈ, ਅਤੇ ਹਰ ਖੇਤਰ ਵਿੱਚ ਤਰੱਕੀ ਸਪੱਸ਼ਟ ਤੌਰ @ਤੇ ਦਿਖਾਈ ਦੇ ਲੱਗਦਾ।÷

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ, ਦੇਸ਼ ਵਿੱਚ ਸਟਾਰਟਅੱਪਸ ਦੀ ਗਿਣਤੀ 500 ਤੋਂ ਵੱਧ ਕੇ 200,000 ਤੋਂ ਵੱਧ ਹੋ ਗਈ ਹੈ। ਹਰਿਆਣਾ, ਖਾਸ ਕਰਕੇ ਗੁਰੂਗ੍ਰਾਮ ਅਤੇ ਮਾਨੇਸਰ, ਇਸ ਵਿੱਚ ਮੋਹਰੀ ਯੋਗਦਾਨ ਪਾ ਰਹੇ ਹਨ। ਹਰਿਆਣਾ ਹੁਣ 9,500 ਤੋਂ ਵੱਧ ਸਟਾਰਟਅੱਪਸ ਦਾ ਮਾਣ ਕਰਦਾ ਹੈ, ਜੋ ਦੇਸ਼ ਵਿੱਚ ਸੱਤਵੇਂ ਸਥਾਨ @ਤੇ ਹੈ। ਇਸ ਤੋਂ ਇਲਾਵਾ, ਹਰਿਆਣਾ ਨੇ 19

ਉਨ੍ਹਾਂ ਦੱਸਿਆ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਖੋਜ ਨੂੰ ਉਤਸ਼ਾਹਿਤ ਕਰਨ ਲਈ ?20 ਕਰੋੜ ਦੇ ਸ਼ੁਰੂਆਤੀ ਫੰਡ ਨਾਲ ਹਰਿਆਣਾ ਰਾਜ ਖੋਜ ਫੰਡ ਸਥਾਪਤ ਕੀਤਾ ਗਿਆ ਹੈ। ?2,000 ਕਰੋੜ ਦਾ ਫੰਡ ਆਫ਼ ਫੰਡ ਵੀ ਬਣਾਇਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਲਈ, HSIIDC ਰਾਹੀਂ ਪ੍ਰਤੀ ਸਟਾਰਟਅੱਪ ਨੂੰ ?10 ਲੱਖ ਦੀ ਵਿੱਤੀ

ਮੁੱਖ ਮੰਤਰੀ ਨੇ ਕਿਹਾ ਕਿ, ਮਾਨੇਸਰ ਦੇ ਉਦਯੋਗਿਕ ਹੱਬ ਨੂੰ ਦੇਖਦੇ ਹੋਏ, ਸਟਾਰਟਅੱਪਾਂ ਨੂੰ ਕਿਫਾਇਤੀ ਕਾਰਜ ਸਥਾਨ ਪ੍ਰਦਾਨ ਕਰਨ ਲਈ ਸਾਰੇ HSIIDC ਉਦਯੋਗਿਕ ਅਸਟੇਟਾਂ ਵਿੱਚ ਇਨਕਿਊਬੇਸ਼ਨ ਸੈਂਟਰ ਸਥਾਪਤ ਕੀਤੇ ਜਾਣਗੇ। HSIIDC ਨੇ ਤਿੰਨ IMT ਖੇਤਰਾਂ ਵਿੱਚ ਇਸ ਉਦੇਸ਼ ਲਈ ਜ਼ਮੀਨ ਦੀ ਪਛਾਣ ਵੀ ਕੀਤੀ ਹੈ।

ਪ੍ਰਧਾਨ ਮੰਤਰੀ ਦੇ ਵਿਚਾਰ ਨੂੰ ਦੁਹਰਾਉਂਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਜੋਖਮ ਲੈਣਾ ਹੁਣ ਮੁੱਖ ਧਾਰਾ ਬਣ ਗਿਆ ਹੈ। ਪਹਿਲਾਂ, ਲੋਕ ਜੋਖਮ ਲੈਣ ਤੋਂ ਡਰਦੇ ਸਨ, ਪਰ ਅੱਜ, ਜੋਖਮ ਨਾ ਲੈਣਾ ਸਭ ਤੋਂ ਵੱਡਾ ਜੋਖਮ ਮੰਨਿਆ ਜਾਂਦਾ ਹੈ।

ਮੁੱਖ ਮੰਤਰੀ ਨੇ ਮਾਣ ਪ੍ਰਗਟ ਕੀਤਾ ਕਿ ਹਰਿਆਣਾ ਵਿੱਚ 50 ਪ੍ਰਤੀਸ਼ਤ ਤੋਂ ਵੱਧ ਸਟਾਰਟਅੱਪਸ ਵਿੱਚ ਘੱਟੋ-ਘੱਟ ਇੱਕ ਮਹਿਲਾ ਡਾਇਰੈਕਟਰ ਹੈ, ਅਤੇ ਸਰਕਾਰ ਹਰ ਕਦਮ @ਤੇ ਮਹਿਲਾ ਉੱਦਮੀਆਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੇ ਸਟਾਰਟਅੱਪ ਅਤੇ ਨੌਜਵਾਨ ਨਵੀਨਤਾਕਾਰੀ ਨਵੇਂ ਭਾਰਤ ਦੀ ਪਛਾਣ ਹਨ। ਭਾਵੇਂ ਇਹ

# ਪੰਜਾਬੀਆਂ ਨੂੰ ਵੱਧ ਅਧਿਕਾਰ, 'ਰੰਗਲੇ ਪੰਜਾਬ' ਵੱਲ ਵਧਦੇ ਕਦਮ

Contd------Front page

ਜਿਸ ਨਾਲ ਗਰੀਬ ਪਰਿਵਾਰਾਂ ਲਈ ਸਾਲਾਨਾ ਘੱਟੋ-ਘੱਟ 35,000 ਰੁਪਏ ਦੀ ਬੱਚਤ ਹੋਈ ਹੈ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਵੀ ਹੈ ਕਿ ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਕਿਸਾਨਾਂ ਨੂੰ ਵੀ ਸੂਬੇ ਵਿੱਚ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ।

ਸਿੱਖਿਆ ਕ੍ਰਾਂਤੀ

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ÷ਪੰਜਾਬ ਸਿੱਖਿਆ ਕ੍ਰਾਂਤੀ÷ ਸ਼ੁਰੂ ਕੀਤੀ ਹੈ ਜਿਸ ਦੇ ਨਾਲ ਹੀ ਸੂਬਾ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਆਹਲਾ ਦਰਜੇ ਦੇ ਸਕੂਲ ਬਣਾਉਣ ਲਈ ਵਚਨਬੱਧ ਹੈ ਜਿੱਥੇ ਸਮਾਰਟ ਕਲਾਸਰੂਮ, ਸਹੂਲਤਾਂ ਨਾਲ ਲੈਸ ਲੈਬਜ਼ ਅਤੇ ਖੇਡ ਮੈਦਾਨ ਹੋਣ। ਅਧਿਆਪਕਾਂ ਦੀ ਮੁਹਾਰਤ ਨੂੰ ਨਿਖਾਰਨ ਲਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਆਧੁਨਿਕ ਸਿੱਖਿਆ ਅਭਿਆਸਾਂ ਤੋਂ ਜਾਣੂ ਹੋ ਸਕਣ ਤਾਂ ਜੋ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਖੇਤਰ ਵਿੱਚ ਭਵਿੱਖ ਦੇ ਮੁਕਾਬਲਿਆਂ ਲਈ ਤਿਆਰ ਕੀਤਾ ਜਾ ਸਕੇ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ ਕਰਵਾਏ ਗਏ 'ਨੈਸ਼ਨਲ ਅਚੀਵਮੈਂਟ ਸਰਵੇ' ਵਿੱਚ ਪੰਜਾਬ ਨੇ ਕੇਰਲ ਵਰਗੇ ਸੂਬੇ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਨਹਿਰੀ ਪਾਣੀ

ਜਦੋਂ ਮੈਂ ਅਹੁਦਾ ਸੰਭਾਲਿਆ ਸੀ, ਉਸ ਸਮੇਂ ਸੂਬੇ ਵਿੱਚ ਸਿੰਜਾਈ ਲਈ ਸਿਰਫ਼ 21 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਹਾਲਾਂਕਿ, ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਅੱਜ 63 ਫੀਸਦੀ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਅਹੁਦਾ ਸੰਭਾਲਣ ਤੋਂ ਬਾਅਦ 'ਆਪ' ਸਰਕਾਰ ਨੇ ਸੂਬੇ ਵਿੱਚ 6900 ਕਿਲੋਮੀਟਰ ਲੰਬੇ 18349 ਰਜਬਾਹਿਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਵੀ ਪਾਣੀ ਟੇਲਾਂ ਤੱਕ ਪਹੁੰਚਿਆ ਹੈ।

ਰੌਸ਼ਨ ਪੰਜਾਬ

ਸੂਬਾ ਸਰਕਾਰ ਨੇ ਪੰਜਾਬ ਨੂੰ ਦੇਸ਼ ਦਾ ਪਹਿਲਾ ਬਿਜਲੀ ਕੱਟ ਮੁਕਤ ਸੂਬਾ ਬਣਾਉਣ ਲਈ 5000 ਕਰੋੜ ਰੁਪਏ ਨਾਲ 'ਰੌਸ਼ਨ ਪੰਜਾਬ' ਮੁਹਿੰਮ ਸ਼ੁਰੂ ਕੀਤੀ ਹੈ। ਕੇਂਦਰ ਜਾਂ ਸੂਬੇ ਦੀ ਕਿਸੇ ਵੀ ਸਰਕਾਰ ਨੇ ਕਦੇ ਇਸ ਅਹਿਮ ਪ੍ਰਾਜੈਕਟ ਬਾਰੇ ਸੋਚਿਆ ਵੀ ਨਹੀਂ ਸੀ ਪਰ ਪੰਜਾਬ ਸਰਕਾਰ ਨੇ ਟਰਾਂਸਮਿਸ਼ਨ ਅਤੇ ਵੰਡ ਨੈੱਟਵਰਕ ਦੀ ਮੁਕੰਮਲ ਤਬਦੀਲੀ ਰਾਹੀਂ ਪੰਜਾਬ ਨੂੰ ਬਿਜਲੀ ਕੱਟਾਂ ਤੋਂ ਮੁਕਤ ਕਰਨ ਲਈ ਇਹ ਇਤਿਹਾਸਕ ਪਹਿਲਕਦਮੀ ਕੀਤੀ ਹੈ। ਨਵਾਂ ਬੁਨਿਆਦੀ ਢਾਂਚਾ ਬਣਾਉਣ, ਮੌਜੂਦਾ ਪ੍ਰਣਾਲੀਆਂ ਨੂੰ ਅਪਗ੍ਰੇਡ ਕਰਨ ਅਤੇ ਬਿਜਲੀ ਖੇਤਰ ਵਿੱਚ ਸਾਂਭ-ਸੰਭਾਲ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਜਿਸ ਨਾਲ ਵੋਲਟੇਜ ਦੇ ਉਤਰਾਅ-ਚੜ੍ਹਾਅ ਦੀ ਸਮੱਸਿਆ ਖ਼ਤਮ ਹੋਵੇਗੀ, ਖਾਸ ਕਰਕੇ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਅਤੇ ਬਿਜਲੀ ਸਪਲਾਈ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ।

ਸ਼ਾਹਪੁਰ ਕੰਢੀ ਡੈਮ

ਪੰਜਾਬ ਸਰਕਾਰ ਨੇ ਸ਼ਾਹਪੁਰ ਕੰਢੀ ਪ੍ਰਾਜੈਕਟ ਦਾ ਰਸਮੀ ਉਦਘਾਟਨ ਕਰਕੇ ਸੂਬੇ ਦੇ ਲੋਕਾਂ ਨੂੰ 3394.49 ਕਰੋੜ ਰੁਪਏ ਦਾ ਇਤਿਹਾਸਕ ਪ੍ਰਾਜੈਕਟ ਦਿੱਤਾ ਹੈ, ਜਿਸ ਨਾਲ ਸੂਬੇ ਦੀ ਬਿਜਲੀ ਉਤਪਾਦਨ ਅਤੇ ਸਿੰਜਾਈ ਸਹੂਲਤਾਂ ਵਿੱਚ ਕਾਫ਼ੀ ਵਾਧਾ ਹੋਵੇਗਾ। ਇਹ ਡੈਮ ਕਿਸਾਨਾਂ, ਉਦਯੋਗਪਤੀਆਂ, ਵਪਾਰੀਆਂ ਅਤੇ ਆਮ ਨਾਗਰਿਕਾਂ ਲਈ ਵਰਦਾਨ ਸਾਬਤ ਹੋਵੇਗਾ। ਪੰਜਾਬ, ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰ ਕੇ ਇਸ ਪ੍ਰਾਜੈਕਟ ਤੋਂ ਬਹੁਤ ਲਾਭ ਪ੍ਰਾਪਤ ਕਰੇਗਾ ਕਿਉਂਕਿ ਇਹ ਨਾ ਸਿਰਫ਼ ਬਿਜਲੀ ਉਤਪਾਦਨ ਵਧਾਏਗਾ, ਸਗੋਂ ਸਿੰਜਾਈ ਲਈ ਵਿਆਪਕ ਸਹੂਲਤਾਂ ਵੀ ਮੁਹੱਈਆ ਕਰੇਗਾ।

ਪੇਂਡੂ ਲਿੰਕ ਸੜਕਾਂ

ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸੜਕ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ ਹੈ, ਜਿਸ ਵਿੱਚ ਕੁੱਲ 16,209 ਕਰੋੜ ਰੁਪਏ ਦੀ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਦਾ ਟੀਚਾ ਰੱਖਿਆ ਗਿਆ ਹੈ। ਇਹ ਸਾਰੀਆਂ ਸੜਕਾਂ ਪੰਜ ਸਾਲਾਂ ਦੀ ਸਾਂਭ-ਸੰਭਾਲ ਦੀ ਸ਼ਰਤ ਨਾਲ ਬਣਾਈਆਂ ਜਾਣਗੀਆਂ, ਜੋ ਵਿਸ਼ਵ ਪੱਧਰੀ ਸੜਕ ਸੁਰੱਖਿਆ ਵਿਸ਼ੇਸ਼ਤਾਵਾਂ ਦੇ ਨਾਲ ਉੱਚ ਗੁਣਵੱਤਾ ਦੇ ਮਿਆਰਾਂ ਨੂੰ ਯਕੀਨੀ ਬਣਾਉਂਦੀਆਂ ਹਨ। ਇਸ ਕਦਮ ਦਾ ਮੰਤਵ ਪੰਜਾਬ ਵਿੱਚ ਬਿਹਤਰ ਗਤੀਸ਼ੀਲਤਾ ਪ੍ਰਦਾਨ ਕਰਨਾ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣਾ ਹੈ ਅਤੇ ਇਨ੍ਹਾਂ ਵਿੱਚੋਂ ਸੂਬਾ ਸਰਕਾਰ ਪਹਿਲਾਂ ਹੀ 4092 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 19,373 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦਾ ਨਿਰਮਾਣ ਕਰ ਰਹੀ ਹੈ।

ਉਦਯੋਗਿਕ ਵਿਕਾਸ

ਸੂਬਾ ਸਰਕਾਰ ਪੰਜਾਬ ਵਿੱਚ ਨਿਵੇਸ਼ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ। ਆਪਣੀਆਂ ਅਣਥੱਕ ਕੋਸ਼ਿਸ਼ਾਂ ਨਾਲ ਸਰਕਾਰ ਨੇ 1.50 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਕੀਤੇ ਹਨ, ਜਿਸ ਨਾਲ ਨੌਜਵਾਨਾਂ ਲਈ 5.20 ਲੱਖ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ। ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨ ਲਈ ਅੱਗੇ ਵੱਧ ਰਹੀਆਂ ਹਨ ਅਤੇ ਹੋਰ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਸੂਬਾ ਸਰਕਾਰ 13-15 ਮਾਰਚ ਨੂੰ ਮੋਹਾਲੀ ਵਿਖੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ ਦਾ ਛੇਵਾਂ ਐਡੀਸ਼ਨ ਕਰਵਾ ਰਹੀ ਹੈ। ਸੂਬਾ ਸਰਕਾਰ ਨੇ ਉਦਯੋਗਿਕ ਪ੍ਰਾਜੈਕਟਾਂ ਲਈ ਰੈਗੂਲੇਟਰੀ ਪ੍ਰਵਾਨਗੀਆਂ ਨੂੰ ਤੇਜ਼ ਅਤੇ ਸੁਚਾਰੂ ਕਰਨ ਲਈ ਵਿਕਰੀ ਡੀਡ ਦੀ ਰਜਿਸਟ?ਰੇਸ਼ਨ ਵਿੱਚ ਹਰਾ ਸਟੈਂਪ ਪੇਪਰ ਲਿਆਂਦਾ ਹੈ।

ਨੌਕਰੀਆਂ ਅਤੇ ਰੋਜ਼ਗਾਰ

ਯੋਗ ਉਮੀਦਵਾਰਾਂ ਨੂੰ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਦੇ ਯਤਨਾਂ ਨੂੰ ਜਾਰੀ ਰੱਖਦੇ ਹੋਏ ਮੇਰੀ ਸਰਕਾਰ ਨੇ ਭਰਤੀ ਵਿੱਚ ਨਿਰਪੱਖਤਾ ਯਕੀਨੀ ਬਣਾਈ ਹੈ ਅਤੇ ਨਾਲ ਹੀ ਕੁਸ਼ਲਤਾ ਨੂੰ ਵੀ ਯਕੀਨੀ ਬਣਾਇਆ ਹੈ। ਹੁਣ ਤੱਕ ਪੰਜਾਬ ਦੇ ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ 'ਤੇ 63,027 ਰੈਗੂਲਰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਨਾਲ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣੇ ਹਨ।

ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ

ਜਿਵੇਂ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਅਹੁਦਾ ਸੰਭਾਲਣ ਵੇਲੇ ਵਾਅਦਾ ਕੀਤਾ ਸੀ, ਉਸੇ ਤਰ੍ਹਾਂ ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਤੇਜ਼ੀ ਨਾਲ ਮੁਹਿੰਮ ਜਾਰੀ ਰੱਖੀ ਹੈ। ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੰਬਰ 95012-00200 ਸ਼ੁਰੂ ਕੀਤਾ ਹੈ। ਜੇਕਰ ਕੋਈ ਰਿਸ਼ਵਤ ਮੰਗਦਾ ਹੈ ਤਾਂ ਇਸ ਉੱਤੇ ਕੋਈ ਵੀ ਵਿਅਕਤੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਮੇਰੀ ਸਰਕਾਰ ਨੇ ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ ਅਤੇ ਵਿਜੀਲੈਂਸ ਬਿਊਰੋ, ਪੰਜਾਬ ਨੇ ਗਜ਼ਟਿਡ ਅਧਿਕਾਰੀਆਂ, ਗੈਰ-ਗਜ਼ਟਿਡ ਅਧਿਕਾਰੀਆਂ ਅਤੇ ਪ੍ਰਾਈਵੇਟ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਹਨ, ਜੋ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜੇ ਗਏ ਸਨ।

ਸੜਕ ਸੁਰੱਖਿਆ ਫੋਰਸ

ਸੂਬਾ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਨਿਵੇਕਲੀ ਪਹਿਲਕਦਮੀ ਤਹਿਤ ਸਮਰਪਿਤ ਸੜਕ ਸੁਰੱਖਿਆ ਫੋਰਸ ਦੀ ਸ਼ੁਰੂਆਤ ਕੀਤੀ ਹੈ, ਜੋ ਸੂਬਾਈ ਅਤੇ ਕੌਮੀ ਮਾਰਗਾਂ 'ਤੇ ਸੁਰੱਖਿਆ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਬਣਾਈ ਗਈ ਹੈ। ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਨਵੇਂ ਭਰਤੀ ਕੀਤੇ ਗਏ 1597 ਕਰਮਚਾਰੀ ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਨਵੀਨਤਮ ਅਤੇ ਪੂਰੀ ਤਰ੍ਹਾਂ ਲੈਸ 144 ਵਾਹਨ ਪ੍ਰਦਾਨ ਕੀਤੇ ਗਏ ਹਨ ਅਤੇ ਪਿਛਲੇ ਸਾਲ ਫਰਵਰੀ ਵਿੱਚ ਆਪਣੀ ਸ਼ੁਰੂਆਤ ਤੋਂ ਬਾਅਦ ਇਸ ਫੋਰਸ ਨੇ ਸੜਕ ਹਾਦਸਿਆਂ ਦੇ ਮਾਮਲੇ ਵਿੱਚ ਮੌਤਾਂ ਨੂੰ 50.07 ਪ੍ਰਤੀਸ਼ਤ ਤੱਕ ਘਟਾ ਦਿੱਤਾ ਹੈ ਅਤੇ ਸੜਕ ਹਾਦਸਿਆਂ ਦੌਰਾਨ ਜ਼ਖਮੀ ਹੋਏ ਲੋਕਾਂ ਦੇ ਕੀਮਤੀ ਸਮਾਨ ਅਤੇ ਪੈਸੇ ਵਾਪਸ ਕੀਤੇ ਹਨ। ਇਸ ਫੋਰਸ ਨੂੰ 4200 ਕਿਲੋਮੀਟਰ ਹਾਈਵੇਅ 'ਤੇ ਤਾਇਨਾਤ ਕੀਤਾ ਗਿਆ ਹੈ, ਜੋ ਸੜਕ ਹਾਦਸਿਆਂ ਲਈ ਸੰਵੇਦਨਸ਼ੀਲ ਅਤੇ ਨਿਰਧਾਰਤ ਖੇਤਰਾਂ ਵਿੱਚ ਗਸ਼ਤ ਕਰਨ ਤੋਂ ਇਲਾਵਾ ਟ?ਰੈਫਿਕ ਉਲੰਘਣਾਵਾਂ ਲਈ ਰੋਕਥਾਮ ਵਜੋਂ ਕੰਮ ਕਰਦੇ ਹਨ।

ਫਰਿਸ਼ਤੇ ਸਕੀਮ

ਪੰਜਾਬ ਸਰਕਾਰ ਨੇ ਸੜਕ ਹਾਦਸਿਆਂ ਦੇ ਪੀੜਤਾਂ ਦੀ ਜਾਨ ਬਚਾਉਣ ਅਤੇ ਆਮ ਲੋਕਾਂ ਨੂੰ ਪੀੜਤਾਂ ਦੀ ਮਦਦ ਵਿੱਚ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਫਰਿਸ਼ਤੇ ਸਕੀਮ ਸ਼ੁਰੂ ਕੀਤੀ। ਸੂਬਾ ਸਰਕਾਰ ਉਨ੍ਹਾਂ ਦੇ ਨੇਕ ਕੰਮ ਦੀ ਸ਼ਲਾਘਾ ਕਰਨ ਲਈ 2000 ਰੁਪਏ ਦਾ ਵਿੱਤੀ ਇਨਾਮ ਦੇਵੇਗੀ। ਵਿੱਤੀ ਇਨਾਮ ਤੋਂ ਇਲਾਵਾ ਅਜਿਹੇ ਵਿਅਕਤੀਆਂ ਨੂੰ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਾਨੂੰਨੀ ਪੇਚੀਦਗੀਆਂ ਅਤੇ ਪੁਲਿਸ ਪੁੱਛਗਿੱਛ ਤੋਂ ਛੋਟ ਦਿੱਤੀ ਗਈ ਹੈ।

ਕਾਨੂੰਨ ਵਿਵਸਥਾ

ਸਰਹੱਦੀ ਸੂਬਾ ਹੋਣ ਦੇ ਬਾਵਜੂਦ ਪੰਜਾਬ, ਦੇਸ਼ ਵਿੱਚ ਸ਼ਾਂਤੀ ਅਤੇ ਤਰੱਕੀ ਦੇ ਕੇਂਦਰ ਵਜੋਂ ਉੱਭਰਿਆ ਹੈ ਅਤੇ ਪੰਜਾਬ ਪੁਲਿਸ ਨੇ ਇਸ ਸਬੰਧ ਵਿੱਚ ਅਪਰੇਸ਼ਨ ਕਾਸੋ (ਸੀ.ਏ.ਐਸ.ਓ.) ਦੇ ਰੂਪ ਵਿੱਚ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਐਂਟੀ ਗੈਂਗਸਟਰ ਟਾਸਕ ਫੋਰਸ ਅਤੇ ਪੀ.ਜੀ.ਡੀ. ਪੋਰਟਲ ਦੀ ਸ਼ੁਰੂਆਤ ਨੇ ਵੀ ਪੰਜਾਬ ਵਿੱਚ ਅਪਰਾਧ ਰੋਕਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਐਂਟੀ ਗੈਂਗਸਟਰ ਟਾਸਕ ਫੋਰਸ ਨੇ ਸੂਬੇ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਗੈਂਗਸਟਰਾਂ ਅਤੇ ਅਪਰਾਧੀਆਂ ਵਿਰੁੱਧ ਕਾਰਵਾਈ ਦੀ ਅਗਵਾਈ ਕੀਤੀ ਹੈ, ਜਿਸ ਨਾਲ ਕਈ ਲੋੜੀਂਦੇ ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਵੱਡੀ ਮਾਤਰਾ ਵਿੱਚ ਬਰਾਮਦਗੀ ਦੇ ਨਾਲ-ਨਾਲ ਵੱਖ-ਵੱਖ ਗੈਂਗਸਟਰ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਗਿਆ ਹੈ।

ਸ਼ਹੀਦਾਂ ਦੇ ਵਾਰਸਾਂ ਨੂੰ ਇੱਕ ਕਰੋੜ ਰੁਪਏ

ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਵਿੱਚ ਹਥਿਆਰਬੰਦ ਸੈਨਾਵਾਂ, ਅਰਧ ਸੈਨਿਕ ਬਲਾਂ, ਪੁਲਿਸ ਦੇ ਜਵਾਨਾਂ ਅਤੇ ਇੱਥੋਂ ਤੱਕ ਕੇ ਅਗਨੀਵੀਰਾਂ ਦੇ ਅਥਾਹ ਯੋਗਦਾਨ ਨੂੰ ਸਤਿਕਾਰ ਭੇਟ ਕਰਦਿਆਂ ਸੂਬਾ ਸਰਕਾਰ ਜਵਾਨਾਂ ਦੇ ਡਿਊਟੀ ਦੌਰਾਨ ਸ਼ਹੀਦ ਹੋਣ ਦੀ ਸੂਰਤ ਵਿੱਚ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੰਦੀ ਹੈ। ਇਹ ਵਿੱਤੀ ਸਹਾਇਤਾ ਦੇਸ਼ ਲਈ ਸਰਬਉੱਚ ਕੁਰਬਾਨੀ ਦੇ ਸਤਿਕਾਰ ਵਜੋਂ ਦਿੱਤੀ ਜਾਂਦੀ ਹੈ।

ਸੂਬਾ ਸਰਕਾਰ ਦੀ ਇਹ ਨਿਮਰ ਪਹਿਲ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਸੁਰੱਖਿਅਤ ਰੱਖਣ ਲਈ ਮਹਾਨ ਸ਼ਹੀਦਾਂ ਦੇ ਅਥਾਹ ਯੋਗਦਾਨ ਨੂੰ ਸ਼ਰਧਾਂਜਲੀ ਹੈ।

ਫ਼ਸਲਾਂ ਦੀ ਖ਼ਰੀਦ

ਸੂਬਾ ਸਰਕਾਰ ਨੇ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਪਹੁੰਚਦੇ ਸਾਰ ਮੁਸ਼ਕਲ ਰਹਿਤ ਤੇ ਸੁਚਾਰੂ ਖਰੀਦ ਅਤੇ ਲਿਫਟਿੰਗ ਵਿੱਚ ਨਵਾਂ ਮਾਪਦੰਡ ਸਥਾਪਤ ਕੀਤਾ। ਕਿਸਾਨਾਂ ਦੀ ਫ਼ਸਲ ਨੂੰ ਅਨਾਜ ਮੰਡੀਆਂ ਵਿੱਚੋਂ ਸੁਚਾਰੂ, ਸਮੇਂ ਸਿਰ ਅਤੇ ਮੁਸ਼ਕਲ ਰਹਿਤ ਢੰਗ ਨਾਲ ਚੁੱਕਿਆ ਜਾਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅੰਨਦਾਤੇ ਨੂੰ ਆਪਣੀ ਫ਼ਸਲ ਵੇਚਣ ਵੇਲੇ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇੱਕ ਹੋਰ ਪਹਿਲਕਦਮੀ ਵਿੱਚ ਪਹਿਲਾਂ ਸਿਰਫ਼ ਅੱਠ ਘੰਟੇ ਬਿਜਲੀ ਸਪਲਾਈ ਦੀ ਬਜਾਏ ਹੁਣ ਕਿਸਾਨਾਂ ਨੂੰ ਪੂਰੇ ਦਿਨ ਨਿਯਮਤ ਅਤੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ।

ਪੰਜਾਬ ਸਰਕਾਰ ਨੇ ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਸ਼ਾਨ ਬਹਾਲ ਕਰਨ ਲਈ ਸਾਲ 2023 ਵਿੱਚ ਸੂਬੇ ਦੀ ਨਵੀਂ ਖੇਡ ਨੀਤੀ ਲਾਗੂ ਕੀਤੀ ਸੀ। ਇਸ ਨਵੀਂ ਖੇਡ ਨੀਤੀ ਤਹਿਤ ਪਹਿਲੀ ਵਾਰ ਏਸ਼ੀਅਨ ਅਤੇ ਓਲੰਪਿਕ ਖੇਡਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਖਿਡਾਰੀਆਂ ਨੂੰ ਵੱਡੀ ਰਕਮ ਦਿੱਤੀ ਗਈ ਹੈ। ਪਹਿਲੀ ਵਾਰ, ਪੰਜਾਬ ਦੇ ਖਿਡਾਰੀਆਂ ਨੇ ਏਸ਼ੀਅਨ ਖੇਡਾਂ ਵਿੱਚ 20 ਤਗਮੇ ਜਿੱਤੇ, ਜੋ ਕਿ 1951 ਵਿੱਚ ਏਸ਼ੀਆਈ ਖੇਡਾਂ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਵੱਧ ਤਗਮੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ 29.25 ਕਰੋੜ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਹੈ। ਸੂਬੇ ਦੇ ਖਿਡਾਰੀਆਂ ਨੇ ਪੈਰਿਸ ਓਲੰਪਿਕ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ ਅਸੀਂ ਪੰਜਾਬ ਨੂੰ ਨਵੇਂ ਸਿਖਰ 'ਤੇ ਲੈ ਜਾਵਾਂਗੇ, ਜਿੱਥੋਂ ਅਸੀਂ ਸਾਰੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰਾਂਗੇ। 'ਰੰਗਲੇ ਪੰਜਾਬ' ਦਾ ਇਹ ਸੁਪਨਾ ਸਖ਼ਤ ਮਿਹਨਤ, ਸਮਰਪਣ, ਲਗਨ ਅਤੇ ਦ੍ਰਿੜ੍ਹ ਵਚਨਬੱਧਤਾ ਨਾਲ ਪੂਰਾ ਕੀਤਾ ਜਾ ਸਕਦਾ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਕਮਰ ਕੱਸ ਲੈਣੀ ਚਾਹੀਦੀ ਹਨ ਅਤੇ ਆਪਣੀ ਬੇਅੰਤ ਊਰਜਾ ਨੂੰ ਪੂਰੀ ਸ਼ਿੱਦਤ ਨਾਲ ਇਸ ਦਿਸ਼ਾ ਵਿੱਚ ਲਾਉਣਾ ਚਾਹੀਦਾ ਹੈ।

**ਜੈ ਹਿੰਦ !**




## ਸੰਪਾਦਕੀ

# ਪੰਜਾਬ ਵਿਚ ਚਿੱਟੇ ਖ਼ਿਲਾ.ਫ ਜੰਗ ਜਾਰੀ

ਸ਼ਿੰਦਰ ਕੌਰ ਨਾਂ ਦੀ ਔਰਤ ਦਾ ਦਾਅਵਾ ਹੈ ਕਿ ਚਿੱਟੇ ਨੇ ਉਸ ਦੇ ਛੇ ਪੁੱਤਰਾਂ ਦੀ ਜਾਨ ਲੈ ਲਈ। ਉਸ ਦੀ ਦਿਲ ਦਹਿਲਾ ਦੇਣ ਵਾਲੀ ਦਰਦ ਕਹਾਣੀ ਪੰਜਾਬ ਸਰਕਾਰ ਨੂੰ ਇਸ ਤਲਖ਼ ਹਕੀਕਤ ਦਾ ਸਾਹਮਣਾ ਕਰਨ ਲਈ ਮਜਬੂਰ ਕਰਦੀ ਹੈ ਕਿ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਹਾਲੇ ਬਹੁਤ ਕੰਮ ਕਰਨਾ ਬਾਕੀ ਹੈ। ਪੰਜਾਬ ਸਰਕਾਰ ਦੀ ਇਸ ਮੁਹਿੰਮ ਨੂੰ ਸ਼ੁਰੂ ਹੋਇਆਂ ਮਾਰਚ ਵਿੱਚ ਇੱਕ ਸਾਲ ਪੂਰਾ ਹੋ ਜਾਵੇਗਾ। ਇਸ ਦੌਰਾਨ ਪੂਰੇ ਸੂਬੇ ਵਿੱਚ ਹੁਣ ਤੱਕ 45,000 ਤੋਂ ਵੱਧ ਕਥਿਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਅਤੇ 31,000 ਤੋਂ ਵੱਧ ਐੱਫ ਆਈ ਆਰਜ਼ ਦਰਜ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਇਸ ਦੌਰਾਨ ਵੱਡੇ ਪੱਧਰ 'ਤੇ ਨਸ਼ੇ ਜ਼ਬਤ ਵੀ ਕੀਤੇ ਗਏ ਹਨ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕੀਤੇ ਵਿਅਕਤੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ। ਹਾਲਾਂਕਿ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਪਿੰਡਾਂ ਵਿੱਚ ਨਸ਼ਿਆਂ ਦੀ ਆਸਾਨੀ ਨਾਲ ਉਪਲਬਧਤਾ ਅਤੇ ਸਥਾਨਕ ਪੁਲੀਸ ਦੀ ਕਥਿਤ ਮਿਲੀਭੁਗਤ ਜਾਂ ਨਾਕਾਮੀ ਇੱਕ ਮਜ਼ਬੂਤ ਨੈੱਟਵਰਕ ਵੱਲ ਇਸ਼ਾਰਾ ਕਰਦੀ ਹੈ, ਜੋ ਲਗਾਤਾਰ ਕੀਤੀਆਂ ਗਈਆਂ ਕਾਰਵਾਈਆਂ ਦੇ ਬਾਵਜੂਦ ਸੁਰੱਖਿਅਤ ਹੈ।

'ਆਪ' ਸਰਕਾਰ ਲਈ ਚੁਣੌਤੀ ਸਿਰਫ਼ ਨਸ਼ਾ ਤਸਕਰਾਂ 'ਤੇ ਸਖ਼ਤੀ ਕਰਨਾ ਨਹੀਂ ਹੈ ਸਗੋਂ ਸਰਕਾਰ ਪ੍ਰਤੀ ਜਨਤਾ ਦਾ ਵਿਸ਼ਵਾਸ ਬਹਾਲ ਕਰਨਾ ਵੀ ਹੈ। ਸ਼ਿੰਦਰ ਕੌਰ ਦੇ ਦੱਸਣ ਅਨੁਸਾਰ, ਲੁਧਿਆਣਾ ਜ਼ਿਲ੍ਹੇ ਦੇ ਉਸ ਦੇ ਪਿੰਡ ਵਿੱਚ ਨਸ਼ਿਆਂ ਦੀ ਖੁੱਲ੍ਹੀ ਸਪਲਾਈ ਬਾਰੇ ਵਾਰ-ਵਾਰ ਕੀਤੀਆਂ ਸ਼ਿਕਾਇਤਾਂ ਦਾ ਵੀ ਕੋਈ ਅਸਰ ਨਹੀਂ ਹੋਇਆ। ਇਹ ਇਸ ਖ਼ਤਰੇ ਨੂੰ ਜੜ੍ਹੋਂ ਖ਼ਤਮ ਕਰਨ ਸਬੰਧੀ ਅਧਿਕਾਰੀਆਂ ਦੀ ਵਚਨਬੱਧਤਾ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਨਸ਼ਾ ਛੁਡਾਊ ਕੇਂਦਰ, ਜਾਗਰੂਕਤਾ ਮੁਹਿੰਮਾਂ ਅਤੇ ਵੱਟਸਐਪ ਹੈਲਪਲਾਈਨਾਂ ਅਹਿਮ ਤਾਂ ਹਨ, ਪਰ ਇਹ ਜਵਾਬਦੇਹੀ ਦੀ ਘਾਟ ਦੀ ਭਰਪਾਈ ਨਹੀਂ ਕਰ ਸਕਦੇ। ਪੰਜਾਬ ਨੂੰ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਤੋਂ ਸਿੱਖਣਾ ਚਾਹੀਦਾ ਹੈ, ਜੋ ਕਿ ਵਧ ਰਹੇ ਨਸ਼ਿਆਂ ਦੀ ਲਤ ਨਾਲ ਜੂਝ ਰਿਹਾ ਹੈ। ਇਸ ਪਹਾੜੀ ਸੂਬੇ ਵਿੱਚ ਸਿਆਸੀ ਸੁਨੇਹਾ ਵਧੇਰੇ ਸਪੱਸ਼ਟ ਹੈਃ ਚਿੱਟੇ ਦੇ ਕੇਸਾਂ ਦੇ ਦੋਸ਼ੀਆਂ ਦੇ ਪੰਚਾਇਤੀ ਚੋਣਾਂ ਲੜਨ 'ਤੇ ਰੋਕ, ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ ਸ਼ਾਮਿਲ ਪੁਲੀਸ ਕਰਮਚਾਰੀਆਂ ਦੀ ਨੌਕਰੀ ਤੋਂ ਬਰਖ਼ਾਸਤਗੀ ਅਤੇ ਸਖ਼ਤ ਗ਼ੈਰ-ਜ਼ਮਾਨਤੀ ਪ੍ਰਬੰਧਾਂ ਲਈ ਦਬਾਅ ਜਿਹੇ ਕਦਮ।

ਸਾਰੀਆਂ ਧਿਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸ਼ਿੰਦਰ ਕੌਰ ਦੇ ਪੋਤੇ ਨੂੰ ਉਸੇ ਹੋਣੀ ਦੇ ਰਾਹ ਪੈਣ ਤੋਂ ਬਚਣ ਵਿੱਚ ਮਦਦ ਕਰਨ, ਜੋ ਉਸ ਦੇ ਪੁੱਤਰਾਂ ਨਾਲ ਵਾਪਰੀ ਸੀ। ਸੂਬੇ ਵਿੱਚ ਸਮੇਂ ਸਮੇਂ ਬਣਦੀਆਂ ਰਹੀਆਂ ਸਰਕਾਰਾਂ ਲਈ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨਾ ਟੇਢੀ ਖੀਰ ਰਿਹਾ ਹੈ। ਮੌਜੂਦਾ ਸਰਕਾਰ ਵੀ ਇਸ ਮਾਮਲੇ ਵਿੱਚ ਅਵੇਸਲੀ ਨਹੀਂ ਹੋ ਸਕਦੀ। ਨਸ਼ਿਆਂ ਵਿਰੁੱਧ ਜੰਗ ਲਈ ਸਾਰੇ ਆਗੂਆਂ ਨੂੰ ਸਿਆਸੀ ਪਾਰਟੀਆਂ ਦੇ ਪੱਧਰ ਤੋਂ ਉੱਪਰ ਉੱਠ ਕੇ ਇਕੱਠਿਆਂ ਕੰਮ ਕਰਨ ਦੀ ਲੋੜ ਹੈ। ਮਜ਼ਬੂਤ, ? ?ਦ੍ਰਿੜ ਇਰਾਦਾ ਅਤੇ ਠੋਸ ਕਾਰਵਾਈ ਹੀ ਚਿੱਟੇ ਨੂੰ ਹੋਰ ਪਰਿਵਾਰਾਂ ਨੂੰ ਬਰਬਾਦ ਕਰਨ ਤੋਂ ਰੋਕ ਸਕਦੀ ਹੈ।

# ਭਾਜਪਾ ਦਾ ਨਵਾਂ 'ਬੌਸ' ਨਿਤਿਨ ਨਬੀਨ

ਭਾਜਪਾ ਵੱਲੋਂ ਨਿਤਿਨ ਨਬੀਨ ਨੂੰ ਆਪਣਾ ਕੌਮੀ ਪ੍ਰਧਾਨ ਨਿਯੁਕਤ ਕਰਨਾ ਇੱਕ ਮਹੱਤਵਪੂਰਨ ਸੰਗਠਨਾਤਮਕ ਪਲ ਹੈ। ਨਬੀਨ 45 ਸਾਲ ਦੀ ਉਮਰ ਵਿੱਚ ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲੇ ਸਭ ਤੋਂ ਘੱਟ ਉਮਰ ਦੇ ਵਿਅਕਤੀ ਬਣ ਗਏ ਹਨ, ਪਰ ਉਨ੍ਹਾਂ ਦੀ ਤਰੱਕੀ ਅਨੁਸ਼ਾਸਿਤ ਪਾਰਟੀ ਮਸ਼ੀਨਰੀ ਵਿੱਚ ਭਾਜਪਾ ਦੇ ਵਿਸ਼ਵਾਸ ਨੂੰ ਦਰਸਾਉਂਦੀ ਹੈ ਕਿਉਂਕਿ ਇਹ ਰਾਜਨੀਤਿਕ ਤੌਰ 'ਤੇ ਚੁਣੌਤੀਪੂਰਨ 2026 ਦੀਆਂ ਚੋਣਾਂ ਦੀ ਤਿਆਰੀ ਕਰ ਰਹੀ ਹੈ। ਭਾਜਪਾ ਨੇ ਸ਼ਖ਼ਸੀਅਤ ਨਾਲੋਂ ਸੰਗਠਨ ਨੂੰ ਤਰਜੀਹ ਦੇ ਕੇ ਆਪਣੇ ਵਿਰੋਧੀਆਂ ਤੋਂ ਆਪਣੇ ਆਪ ਨੂੰ ਵੱਖਰਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਪਾਰਟੀ ਵਰਕਰ ਤੋਂ ਸੰਗਠਨ 'ਚ ਉੱਚ ਅਹੁਦੇ ਤੱਕ ਨਬੀਨ ਦਾ ਉਭਾਰ ਇਸ ਦੀ ਰਵਾਇਤ ਵਿੱਚ ਪੂਰੀ ਤਰ੍ਹਾਂ ਫਿੱਟ ਬੈਠਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਹ ਕਹਿਣਾ ਕਿ ਉਹ ਅਜੇ ਵੀ 'ਇੱਕ ਪਾਰਟੀ ਵਰਕਰ' ਹਨ, ਜਦੋਂਕਿ ਨਬੀਨ ਹੁਣ ਉਨ੍ਹਾਂ ਦੇ 'ਬੌਸ' ਹਨ, ਕੇਂਦਰੀ ਕਮਾਂਡ ਅੰਦਰ ਸਮੂਹਿਕ ਲੀਡਰਸ਼ਿਪ ਦੇ ਪਾਰਟੀ ਦੇ ਬਿਰਤਾਂਤ ਨੂੰ ਪੇਸ਼ ਕਰਨ ਦੀ ਹੀ ਇੱਕ ਕਵਾਇਦ ਕਹੀ ਜਾ ਸਕਦੀ ਹੈ।

ਸਰਕਾਰ, ਸੰਸਦ ਅਤੇ ਪ੍ਰਸ਼ਾਸਨ ਵਿੱਚ ਮੁੱਖ ਭੂਮਿਕਾਵਾਂ ਸੀਨੀਅਰ ਨੇਤਾ ਨਿਭਾਅ ਰਹੇ ਹਨ। ਇਸ ਲਈ ਤਾਲਮੇਲ, ਅਨੁਸ਼ਾਸਨ ਅਤੇ ਟਕਰਾਅ ਪ੍ਰਬੰਧਨ ਲਈ ਇੱਕ ਕੇਂਦਰ ਵਜੋਂ ਪਾਰਟੀ ਪ੍ਰਧਾਨ ਦਾ ਅਹੁਦਾ ਅਹਿਮ ਹੈ। ਨਬੀਨ 'ਤੇ ਲੀਡਰਸ਼ਿਪ ਦੇ ਵਿਸ਼ਵਾਸ ਬਾਰੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਇਸ ਅਹੁਦੇ 'ਤੇ ਪਹੁੰਚਣ ਦਾ ਮੁੱਖ ਕਾਰਨ ਉਨ੍ਹਾਂ ਦੀ ਪ੍ਰਸ਼ਾਸਨਿਕ ਕੁਸ਼ਲਤਾ ਹੈ। ਆਪਣੇ ਸੰਗਠਨਾਤਮਕ ਪਿਛੋਕੜ ਕਾਰਨ ਉਹ ਧੜੇਬੰਦੀ ਦੇ ਦਬਾਅ ਨੂੰ ਸਹਿਣ, ਰਾਜ ਇਕਾਈਆਂ ਦੀ ਨਿਗਰਾਨੀ ਕਰਨ ਅਤੇ ਸਰਕਾਰ ਤੇ ਸੂਬਿਆਂ ਵਿਚਕਾਰ ਤਾਲਮੇਲ ਯਕੀਨੀ ਬਣਾਉਣ ਦੇ ਯੋਗ ਸਮਝੇ ਗਏ ਹਨ। ਨਵੇਂ ਪ੍ਰਧਾਨ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਨਬੀਨ ਨੂੰ ਉਨ੍ਹਾਂ ਸੂਬਿਆਂ ਵਿੱਚ ਸੰਗਠਨਾਤਮਕ ਥਕਾਵਟ ਦੇ ਸੰਕੇਤਾਂ ਨੂੰ ਰੋਕਣਾ ਪਵੇਗਾ, ਜਿੱਥੇ ਭਾਜਪਾ ਲੰਮੇ ਸਮੇਂ ਤੋਂ ਸੱਤਾ ਵਿੱਚ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵਧ ਰਹੇ ਅੰਦਰੂਨੀ ਮੁਕਾਬਲੇ ਦਰਮਿਆਨ ਉਮੀਦਵਾਰਾਂ ਦੀ ਚੋਣ ਦਾ ਪ੍ਰਬੰਧ ਦੇਖਣ ਦੇ ਨਾਲ ਨਾਲ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੂਥ-ਪੱਧਰੀ ਲਾਮਬੰਦੀ ਨੂੰ ਮਜ਼ਬੂਤ ? ?ਕਰਨਾ ਪਵੇਗਾ। ਉਨ੍ਹਾਂ ਦੀ ਲੀਡਰਸ਼ਿਪ ਮੁਹਾਰਤ ਦੀ ਪਰਖ ਛੇਤੀ ਹੀ ਹੋਵੇਗੀ।

ਨਬੀਨ ਦੀ ਅਗਵਾਈ ਹੇਠ ਭਾਜਪਾ ਦੀ ਰਣਨੀਤੀ ਸੂਖ਼ਮ ਪ੍ਰਬੰਧਨ, ਡੇਟਾ-ਸੰਚਾਲਿਤ ਮੁਹਿੰਮਾਂ ਅਤੇ ਰਾਜ ਸੰਗਠਨਾਂ 'ਤੇ ਸਖ਼ਤ ਨਿਯੰਤਰਣ 'ਤੇ ਜ਼ੋਰ ਦੇਣਾ ਹੈ। ਆਖ਼ਰ ਭਾਜਪਾ ਦੀ ਲੀਡਰਸ਼ਿਪ 'ਚ ਤਬਦੀਲੀ ਦੀ ਸਫ਼ਲਤਾ ਪਾਰਟੀ ਦੀ ਸੰਗਠਨਾਤਮਕ ਤਾਕਤ ਨੂੰ ਚੋਣ ਨਤੀਜਿਆਂ (ਭਾਵ ਵੋਟਾਂ) ਵਿੱਚ ਬਦਲ ਸਕਣ ਦੀ ਯੋਗਤਾ ਨਾਲ ਹੀ ਮਾਪੀ ਜਾਵੇਗੀ। ਸੰਗਠਨ-ਸੰਚਾਲਿਤ ਭਾਜਪਾ ਨੇ ਵਿਰੋਧੀ ਪਾਰਟੀਆਂ ਲਈ ਸਿਆਸੀ ਤਾਲਮੇਲ ਦਾ ਪੈਮਾਨਾ ਉੱਚਾ ਕਰ ਦਿੱਤਾ ਹੈ। ਇਹ ਲੀਡਰਸ਼ਿਪ ਸਬੰਧੀ ਮੁੱਦਿਆਂ ਅਤੇ ਅੰਦਰੂਨੀ ਅਨੁਸ਼ਾਸਨ ਨਾਲ ਜੂਝ ਰਹੀਆਂ ਪਾਰਟੀਆਂ 'ਤੇ ਦਬਾਅ ਪਾਉਣ ਵਾਲਾ ਕਦਮ ਹੈ।

# ਪੰਜਾਬ ਦੇ ਸੂਫੀ ਕਲਾਕਾਰ ਬੰਨ੍ਹਣਗੇ ਰੰਗ- ਲਾਲਾ ਬਾਬਾ






ਮਾਛੀਵਾੜਾ ਸਾਹਿਬ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਨਜ਼ਦੀਕ ਪਿੰਡ ਮਿਲਕੋਵਾਲ (ਜੱਸੋਵਾਲ) ਵਿਖੇ ਪੀਰ ਸਖੀ ਸਰਵਰ ਲਾਲਾਂ ਵਾਲੀ ਸਰਕਾਰ ਦੀ ਦੇ ਪਵਿੱਤਰ ਸਥਾਨ ਤੇ 59 ਵਾਂ ਸਲਾਨਾ ਜੋੜ ਮੇਲਾ ਅਤੇ ਭੰਡਾਰਾ ਅੱਜ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਨਦੀਪ ਸਿੰਘ ਲਾਲਾ ਬਾਬਾ ਨੇ ਦੱਸਿਆ ਕਿ ਸੰਤ ਬਾਬਾ ਭਜਨ ਸਿੰਘ ਜੀ ਦੀ ਪਵਿੱਤਰ ਅਤੇ ਨਿੱਘੀ ਯਾਦ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਸੰਗਤਾਂ ਦੇ ਵੱਡੇ ਸਹਿਯੋਗ ਨਾਲ 20,21, ਅਤੇ 25 ਜਨਵਰੀ ਨੂੰ ਜੋੜ ਮੇਲਾ ਤੇ ਭੰਡਾਰਾ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਅੱਜ ਪੰਜਾਬ ਦੇ ਪ੍ਰਸਿੱਧ ਸੂਫੀ ਕਲਾਕਾਰ ਜੂਨੀਅਰ ਗੁਰਦਾਸ ਮਾਨ, ਬਲਵੀਰ ਬੱਬੀ, ਦੋਗਾਣਾ ਜੋੜੀ ਦਲਜੀਤ ਸਿੰਘ ਧਲੇਰੀਆ ਅਤੇ ਪ੍ਰਸਿੱਧ ਕਵਾਲ ਇਕਬਾਲ ਐਂਡ ਪਾਰਟੀ ਆਪਣੇ ਸੂਫੀ ਨਾਲ ਅੰਦਾਜ਼ ਨਾਲ ਸੰਗਤਾਂ ਦੀ ਸੇਵਾ ਕਰਦਿਆਂ ਪੀਰਾਂ ਦਾ ਗੁਣਗਾਣ ਕਰਨਗੇ।

ਇਸ ਮੌਕੇ ਉੱਘੇ ਵਿਦਵਾਨ ਅਤੇ ਸੰਤ ਮਹਾਂਪੁਰਸ਼ ਵੀ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਇਸ ਸਲਾਨਾ ਮੇਲੇ ਵਿੱਚ ਹੁੰਮ ਹੁਮਾ ਕੇ ਪੁੱਜਣ ਲਈ ਹਾਰਦਿਕ ਸੱਦਾ ਹੈ।

# ਰੋਡ ਸੇਫਟੀ ਮਹਿਨੇ ਤਹਿਤ ਸਕੂਲਾਂ ਵਿੱਚ ਜਾਗਰੂਕਤਾ ਸੈਮੀਨਾਰ



ਗੁਰਦਾਸਪੁਰ,25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਟਰੈਫਿਕ ਪੁਲਿਸ ਵੱਲੋਂ ਮਨਾਏ ਜਾ ਰਹੇ ਰੋਡ ਸੇਫਟੀ ਮਹੀਨੇ ਸਬੰਧੀ ਸੁਨੀਲ ਜੋਸ਼ੀ ਬਾਲ ਵਿਕਾਸ ਆਫਸਰ ਨਾਲ ਵੱਖ-ਵੱਖ ਸਕੂਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਆਨੰਦ ਮਾਡਲ ਸਕੂਲ ਗੁਰਦਾਸਪੁਰ ਅਤੇ ਸਪਰਿੰਗ ਫੀਲਡ ਸਕੂਲ ਔਜਲਾ ਵਿੱਚ ਵਿਦਿਆਰਥੀਆਂ, ਬੱਸਾਂ ਦੇ ਡਰਾਈਵਰਾਂ ਅਤੇ ਸਟਾਫ ਨੂੰ ਰੋਡ ਸੇਫਟੀ ਸਬੰਧੀ ਜਾਗਰੂਕ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਟਰੈਫਿਕ ਨਿਯਮਾਂ ਦੀ ਸਿਖਲਾਈ ਦਿੱਤੀ ਗਈ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਤ ਕੀਤਾ ਗਿਆ । 16 ਸਾਲ ਤੋਂ 18 ਸਾਲ ਤੱਕ ਬੱਚਿਆਂ ਦੇ ਬਣਨ ਵਾਲੇ ਡਰਾਈਵਿੰਗ ਲਾਈਸੰਸ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਅਤੇ ਨਬਾਲਗ ਦੇ ਡਰਾਈਵਿੰਗ ਕਰਨ ਉਪਰ ਹੋਣ ਵਾਲੀ ਕਾਨੂੰਨੀ ਕਾਰਵਾਈ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ।

ਐਕਸੀਡੈਂਟ ਪੀੜਤ ਵਿਅਕਤੀ ਦੀ ਮਦਦ ਲਈ ਅੱਗੇ ਆਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਤ ਕੀਤਾ ਗਿਆ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆਯ ਸੀਟ ਬੈਲਟ ਹੈਲਮਟ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ। ਸਕੂਲੀ ਟਰਾਂਸਪੋਰਟ ਦੇ ਚਾਲਕਾਂ ਨੂੰ ਉਹਨਾਂ ਦੀ ਬਣਦੀ ਡਿਊਟੀ ਸਬੰਧੀ ਦੱਸਿਆ ਗਿਆ ਅਤੇ ਹੈਲਪ ਲਾਈਨ ਨੰਬਰ 112 1033 ਬਾਰੇ ਜਾਣਕਾਰੀ ਦਿੱਤੀ ਗਈ।ਸੈਮੀਨਾਰ ਵਿੱਚ ਏ.ਐਸ.ਆਈ ਅਮਨਦੀਪ ਸਿੰਘ ਸ੍ਰੀ ਸੁਨੀਲ ਜੋਸ਼ੀ ਬਾਲ ਵਿਕਾਸ ਆਫਿਸਰ ਸੁਸ਼ੀਲ ਕੁਮਾਰ ਆਦਿ ਨੇ ਹਿੱਸਾ ਲਿਆ

# ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਹੋਵੇਗਾ ਜ਼ਿਲ੍ਹਾ ਪੱਧਰੀ ਸਮਾਗਮ

ਗੁਰਦਾਸਪੁਰ,25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਸ੍ਰੀ ਆਦਿੱਤਿਆ ਉੱਪਲ ਦੀ ਅਗਵਾਈ ਹੇਠ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਸਿਮਰਨ ਸਿੰਘ ਨੇ ਦੱਸਿਆ ਕਿ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਐੱਸ.ਐੱਮ.ਐੱਸ. ਕਾਲਜ, ਦੀਨਾਨਗਰ ਵਿਖੇ ਹੋਵੇਗਾ ਜਦਕਿ ਇਸ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਬੂਥਾਂ ਉੱਪਰ ਵੀ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਵੇਗਾ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਦੱਸਣ ਦੇ ਨਾਲ ਨਵੇਂ ਬਣੇ ਵੋਟਰਾਂ ਨੂੰ ਐਪਿਕ ਕਿੱਟ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਲੋਕਤੰਤਰ ਪ੍ਰਣਾਲੀ ਵਿੱਚ ਨਾਗਰਿਕਾਂ/ਵੋਟਰਾਂ ਦੀ ਭਾਗੀਦਾਰ ਨੂੰ ਵਧਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਅਤੇ ਬੂਥ ਪੱਧਰੀ ਸਮਾਗਮਾਂ ਵਿੱਚ ਵੋਟਰ ਪ੍ਰਣ ਵੀ ਚੁਕਾਇਆ ਜਾਵੇਗਾ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਬੈੱਸਟ ਈ.ਆਰ.ਓ, ਬੈੱਸਟ ਨੋਡਲ ਅਫ਼ਸਰ (ਸਵੀਪ) ਅਤੇ ਬੈੱਸਟ ਬੀ.ਐੱਲ.ਓ. ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

# ਬ੍ਰਹਮ ਗਿਆਨੀ ਬੈਲ ਵਾਲੇ ਬਾਬਾ ਜੀ ਦੀ 44ਵੀਂ ਬਰਸੀ ਮੌਕੇ ਪਵਿੱਤਰ ਸ੍ਰੀ ਸੁੰਦਰ ਕਾਂਡ ਪਾਠ ਕਰਵਾਇਆ



ਪਟਿਆਲਾ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਐਨ.ਆਈ.ਐਸ. ਚੌਂਕ ਵਿਖੇ ਸਥਿਤ ਮੰਦਿਰ ਬੈਲ ਵਾਲੇ ਬਾਬਾ ਜੀ ਵਿਖੇ ਬਾਬਾ ਜੀ ਦੀ 44ਵੀਂ ਸਲਾਨਾ ਬਰਸੀ ਤੇ ਬੈਲ ਵਾਲੇ ਬਾਬਾ ਜੀ ਸੋਸਾਇਟੀ ਵਲੋਂ ਪ੍ਰਧਾਨ ਪ੍ਰਦੀਪ ਕੁਮਾਰ, ਜਨਰਲ ਸਕੱਤਰ ਹੰਸ ਰਾਜ ਸ਼ਰਮਾ ਦੀ ਦੇਖਰੇਖ ਵਿੱਚ ਧਾਰਮਿਕ ਸਮਾਰੋਹ ਦੇ ਆਯੋਜਨ ਦੀ ਅਰੰਭਤਾ ਪਵਿੱਤਰ ਸ੍ਰੀ ਸੁੰਦਰ ਕਾਂਡ ਪਾਠ ਦੇ ਭੋਗ ਪਾਕੇ ਕਰਵਾਈ ਗਈ। ਜਿਸ ਦੌਰਾਨ ਪੰਡਿਤ ਓਮ ਪ੍ਰਕਾਸ਼ ਵਲੋਂ ਸ੍ਰੀ ਹਨੂੰਮਾਨ ਜੀ ਦੀ ਪੂਜਾ ਕੀਤੀ ਗਈ।

ਇਸ ਮੌਕੇ ਤੇ ਉੱਘੇ ਸਮਾਜ ਸੇਵੀ ਨਵਨੀਤ ਸਿੰਗਲਾ ਵਲੋਂ ਵੀ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਈ ਗਈ। ਸ਼ਰਧਾਲੂਆਂ ਵਲੋਂ ਜਿੱਥੇ ਇੱਕਜੁੱਟ ਹੋ ਕੇ ਸਾਮੂਹਿਕ ਰੂਪ ਨਾਲ ਧਾਰਮਿਕ ਸਮਾਰੋਹ ਦੌਰਾਨ ਮੰਦਿਰ ਵਿਖੇ ਨਤਮਸਤਕ ਹੋ ਕੇ ਹਨੂੰਮਾਨ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ, ਉੱਥੇ ਹੀ ਲੰਗਰ ਕਾਰਜਾਂ ਵਿੱਚ ਸੇਵਾ ਵੀ ਨਿਭਾਈ ਗਈ। ਇਸ ਮੌਕੇ ਤੇ ਮੰਦਿਰ ਬੈਲ ਵਾਲੇ ਬਾਬਾ ਜੀ ਸੋਸਾਇਟੀ ਦੇ ਪ੍ਰਧਾਨ ਪ੍ਰਦੀਪ ਕੁਮਾਰ ਨੇ ਕਿਹਾ ਕਿ ਧਾਰਮਿਕ ਆਯੋਜਨਾ ਨਾਲ ਸਮਾਜ ਵਿੱਚ ਸਮਰਿਧੀ ਆਉਂਦੀ ਹੈ ਤੇ ਇੱਕ ਨਵੇਂ ਸਕਾਰਾਤਮਕ ਵਾਤਾਵਰਨ ਦਾ ਸੰਚਾਰ ਹੁੰਦਾ ਹੈ ਅਤੇ ਸਰਵ ਭਾਈਚਾਰੇ ਵਿੱਚ ਆਪਸੀ ਪ੍ਰੇਮ ਭਾਈਚਾਰਕ ਸਾਂਝ ਦੀ ਮਜਬੂਤੀ ਹੁੰਦੀ ਹੈ। ਇਸ ਲਈ ਸਾਨੂੰ ਇੱਕਜੁੱਟ ਹੋ ਕੇ ਧਾਰਮਿਕ ਅਤੇ ਸਮਾਜਿਕ ਸਮਾਰੋਹ ਦੇ ਕਾਰਜਾਂ ਵਿੱਚ ਸਾਂਝੇ ਤੌਰ ਤੇ ਜੁੜਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੋਸਾਇਟੀ ਵੱਲੋਂ ਲੰਮੇ ਸਮੇਂ ਤੋਂ ਸਮਾਜਿਕ ਅਤੇ ਧਾਰਮਿਕ ਸੇਵਾ ਕਾਰਜ ਨਿਰਸਵਾਰਥ ਕੀਤੇ ਜਾ ਰਹੇ ਹਨ, ਜਿਹੜੇ ਕਿ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹਿਣਗੇ।

ਇਸ ਮੌਕੇ ਸੁਖਵਿੰਦਰ ਕੌਰ, ਚਰਨਜੀਤ ਸਿੰਘ, ਚਰਨੀ, ਸੀਤਾ ਦੇਵੀ, ਅਕਾਸ਼, ਰਾਜਵੀਰ, ਰਾਣੀ, ਪੂਜਾ, ਅਨੀਤਾ ਰਾਣੀ, ਸੁਨੇਹਾ ਧਾਮੀ ਆਦਿ ਵਲੋਂ ਮੰਦਿਰ ਵਿਖੇ ਸੇਵਾ ਕਾਰਜਾਂ ਵਿੱਚ ਸਹਿਯੋਗ ਕੀਤਾ ਗਿਆ।

# ਪਟਿਆਲਾ 'ਚ ਐਨਕਾਊਂਟਰ ਦੌਰਾਨ ਜੈਪਾਲ ਭੁੱਲਰ ਗੈਂਗ ਦਾ ਸ਼ੂਟਰ ਜ਼ਖਮੀ

## ਇਕ ਪਿਸਟਲ .32 ਬੋਰ (ਬਰੇਟਾ) ਸਮੇਤ 4 ਖੋਲ ਤੇ 2 ਜ਼ਿੰਦਾ ਰੋਂਦ ਬਰਾਮਦ



ਪਟਿਆਲਾ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੇ ਸੰਗਰੂਰ-ਪਟਿਆਲਾ ਬਾਈਪਾਸ 'ਤੇ ਪੁਲਿਸ ਅਤੇ ਬਦਨਾਮ ਗੈਂਗਸਟਰ ਹਰਜਿੰਦਰ ਸਿੰਘ ਲਾਡੀ ਵਿਚਕਾਰ ਗੋਲੀਬਾਰੀ ਹੋਈ। ਪੁਲਿਸ ਦੀ ਗੋਲੀਬਾਰੀ ਵਿੱਚ ਲਾਡੀ ਜ਼ਖਮੀ ਹੋ ਗਿਆ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਕਾਰਵਾਈ ਬਨੂੜ ਪੁਲਿਸ ਸਟੇਸ਼ਨ ਅਤੇ ਸੀਆਈਏ, ਪਟਿਆਲਾ ਦੀ ਇੱਕ ਸਾਂਝੀ ਟੀਮ ਦੁਆਰਾ ਕੀਤੀ ਗਈ ਸੀ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਹਰਜਿੰਦਰ ਸਿੰਘ ਲਾਡੀ ਇਲਾਕੇ ਵਿੱਚ ਹੈ। ਜਦੋਂ ਪੁਲਿਸ ਟੀਮ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਹਰਜਿੰਦਰ ਸਿੰਘ ਲਾਡੀ ਨੇ ਪੁਲਿਸ 'ਤੇ ਤਿੰਨ ਤੋਂ ਚਾਰ ਗੋਲੀਆਂ ਚਲਾਈਆਂ।

ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਡੀਆਈਜੀ ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਇੱਕ ਮੁਖਬਰ ਨੇ ਦੱਸਿਆ ਕਿ ਦੋਸ਼ੀ ਸੰਗਰੂਰ-ਪਟਿਆਲਾ ਬਾਈਪਾਸ ਦੇ ਨੇੜੇ ਪਹੁੰਚ ਗਿਆ ਹੈ। ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਹਰਜਿੰਦਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸਨੇ ਫਿਰ ਪੁਲਿਸ ਪਾਰਟੀ 'ਤੇ ਚਾਰ ਗੋਲੀਆਂ ਚਲਾਈਆਂ। ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ, ਜਿਸ ਦੇ ਨਤੀਜੇ ਵਜੋਂ ਇੱਕ ਗੋਲੀ ਲੱਗੀ। ਬਾਅਦ ਵਿੱਚ ਉਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ।

ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ 'ਤੇ ਕਈ ਗੰਭੀਰ ਦੋਸ਼ ਹਨ। ਉਸ ਤੋਂ ਗ਼ੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਸ਼ੁਰੂ ਕੀਤੇ ਗਏ ਇੱਕ ਵਿਸ਼ੇਸ਼ ਆਪ੍ਰੇਸ਼ਨ ਦੇ ਹਿੱਸੇ ਵਜੋਂ ਪੰਜਾਬ ਖੇਤਰ ਵਿੱਚ 126 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਕੱਲੇ ਪਟਿਆਲਾ ਵਿੱਚ ਹੀ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

# ਬੈਂਕਫਿੰਕੋ ਤਰਨਤਾਰਨ ਵੱਲੋ 15 ਲਾਭਪਾਤਰੀਆਂ ਦੇ 49.40 ਲੱਖ ਰੁਪਏ ਦੇ ਕਰਜ਼ੇ ਪ੍ਰਵਾਨ



ਤਰਨਤਾਰਨ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ. ਦੇ ਨਿਰਦੇਸ਼ਾਂ ਤਹਿਤ ਸ. ਬਿਕਰਮਜੀਤ ਸਿੰਘ ਪੁਰੇਵਾਲ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਅਫ਼ਸਰ ਜ਼ਿਲ੍ਹਾ ਤਰਨਤਾਰਨ ਕਮ ਚੇਅਰਮੈਨ ਜ਼ਿਲ੍ਹਾ ਸਕਰੀਨਿੰਗ ਕਮੇਟੀ ਬੈਕਫਿੰਕੋ ਦੀ ਪ੍ਰਧਾਨਗੀ ਹੇਠ ਅੱਜ ਦਫ਼ਤਰ, ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਅਫ਼ਸਰ ਤਰਨਤਾਰਨ ਵਿਖੇ ਜ਼ਿਲ੍ਹਾ ਸਕਰੀਨਿੰਗ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਬੈਂਕਫਿੰਕੋ ਤਰਨਤਾਰਨ ਵੱਲੋ 15 ਲਾਭਪਾਤਰੀਆਂ ਦੇ 49.40 ਲੱਖ ਰੁਪਏ ਦੇ ਕਰਜ਼ੇ ਪ੍ਰਵਾਨ ਕੀਤੇ ਗਏ। ਇਸ ਮੌਕੇ ਹਾਜ਼ਰ ਬਿਨੈਕਾਰਾਂ ਨੂੰ ਕਰਜ਼ੇ ਦੀ ਵਰਤੋਂ ਸਬੰਧੀ ਜਾਗਰੂਕ ਕੀਤਾ ਗਿਆ।

ਇਸ ਸਬੰਧੀ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਵਚਨਬੱਧ ਹੈ।ਇਸ ਮੌਕੇ ਮਹਿਕਮੇ ਦੇ ਅਧਿਕਾਰੀ ਸ਼੍ਰੀ ਲਖਵੀਰ ਸਿੰਘ ਲਾਗੂ ਕਰਤਾ ਅਫਸਰ ਬੈਂਕਫਿੰਕੋ ਤਰਨਤਾਰਨ, ਸ਼੍ਰੀ ਰਣਜੀਤ ਸਿੰਘ ਫੀਲਡ ਅਫਸਰ ਬੈਕਫਿੰਕੋ ਤਰਨਤਾਰਨ ਅਤੇ ਸਕਰੀਨਿੰਗ ਕਮੇਟੀ ਦੇ ਮੈਂਬਰ ਡਾ. ਜੇ.ਪੀ. ਸਿੰਘ ਮੈਂਬਰ ਐਨਜੀਓ ਤਰਨਤਾਰਨ, ਸ੍ਰੀ ਵਿਨੋਦ ਬੇਰੀ ਸਹਾਇਕ ਖੋਜ ਅਫ਼ਸਰ ਤਰਨਤਾਰਨ, ਸ਼੍ਰੀ ਅਮਰਜੀਤ ਰਾਏ ਖੰਨਾ ਜ਼ਿਲ੍ਹਾ ਉਦਯੋਗ ਕੇਂਦਰ ਦੇ ਨੁਮਾਇੰਦੇ ਹਾਜ਼ਰ ਸਨ।

# ਐੱਨ.ਸੀ.ਸੀ. ਕੈਡਿਟਾਂ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ



ਸ੍ਰੀ ਆਨੰਦਪੁਰ ਸਾਹਿਬ,25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਗਣਤੰਤਰ ਦਿਵਸ ਸਮਾਰੋਹ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ, ਜਿਸ ਦੀ ਰਵਿਊ ਮੀਟਿੰਗ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਨੇ ਪ੍ਰਬੰਧਾਂ ਸਬੰਧੀ ਅਧਿਕਾਰੀਆਂ ਦੇ ਕੰਮ ਦੀ ਪ੍ਰਗਤੀ ਬਾਰੇ ਜਾਇਜਾ ਲਿਆ ਗਿਆ।ਅੱਜ ਉਪ ਮੰਡਲ ਪੱਧਰ ਦੇ ਗਣਤੰਤਰ ਦਿਵਸ ਸਮਾਗਮ ਦੀ ਚਰਨ ਗੰਗਾ ਸਟੇਡੀਅਮ ਵਿਖੇ ਰਿਹਰਸਲ ਕਰਵਾਈ ਗਈ।

ਇਸ ਮੌਕੇ ਐੱਨ.ਸੀ.ਸੀ. ਕੈਡਿਟਾਂ ਅਤੇ ਸਕੂਲੀ ਵਿਦਿਆਰਥੀਆਂ ਦੇ ਬੈਂਡ ਵੱਲੋਂ ਸ਼ਾਨਦਾਰ ਪਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਪੀ.ਟੀ. ਸ਼ੋਅ ਅਤੇ ਪੰਜਾਬੀ ਸੱਭਿਆਚਾਰ ਤੇ ਦੇਸ਼ ਭਗਤੀ ਦੇ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ।

26 ਜਨਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਉਪ ਮੰਡਲ ਪੱਧਰ ਦਾ ਗਣਤੰਤਰ ਦਿਵਸ ਸਮਾਰੋਹ ਬਹੁਤ ਹੀ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।

ਇਹ ਜਾਣਕਾਰੀ ਦਿੰਦੇ ਹੋਏ ਵਿਨੋਦ ਕੁਮਾਰ ਤਹਿਸੀਲਦਾਰ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਗਣਤੰਤਰ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਗਣਤੰਤਰ ਦਿਵਸ ਸਮਾਗਮ ਮੌਕੇ ਪੇਸ਼ ਕੀਤੀਆਂ ਜਾਣ ਵਾਲੀਆਂ ਝਾਕੀਆਂ ਵਿੱਚ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਨੂੰ ਦਰਸਾਇਆ ਜਾਵੇਗਾ। ਉਨ੍ਹਾ ਨੇ ਦੱਸਿਆ ਕਿ 24 ਜਨਵਰੀ ਨੂੰ ਫੁੱਲ ਡਰੈਸ ਰਿਹਸਲ ਵਜੇ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ।

ਇਸ ਮੌਕੇ ਪ੍ਰਿੰ.ਸੁਖਪਾਲ ਕੌਰ ਵਾਲੀਆ, ਗੁਰਮਿੰਦਰ ਸਿੰਘ ਭੁੱਲਰ, ਰਣਜੀਤ ਸਿੰਘ ਐਨ.ਸੀ.ਸੀ ਅਫਸਰ,ਲੈਫ.ਸੰਦੀਪ ਕੁਮਾਰ, ਬਰਜਿੰਦਰ ਸਿੰਘ ਐਨ.ਸੀ.ਸੀ.ਅਫਸਰ,ਗੁਰਦੀਪ ਕੌਰ, ਸੰਗੀਤਾ ਗੇਰਾ, ਸਤੀਸ਼ ਕੁਮਾਰ, ਇਕਬਾਲ ਸਿੰਘ, ਬਰਜਿੰਦਰ ਸਿੰਘ, ਅਸ਼ੋਕ ਕੁਮਾਰ ਸਮੇਤ ਵੱਖ-ਵੱਖ ਸਕੂਲਾਂ ਦੇ ਅਧਿਆਪਕ ਵੀ ਹਾਜ਼ਰ ਸਨ।

# ਦਾਮਨ ਬਾਜਵਾ ਨੇ ਪੁਰਾਣੇ ਅੰਡਰ ਬ੍ਰਿਜ ਦੇ ਨੁਕਸਾਨ ਦਾ ਲਿਆ ਜਾਇਜ਼ਾ



ਸੁਨਾਮ ਊਧਮ ਸਿੰਘ ਵਾਲਾ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਜ਼ਿਲ੍ਹਾ ਸੰਗਰੂਰ-2 ਦੀ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਵੱਲੋਂ ਰੇਲਵੇ ਵਿਭਾਗ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਦੇ ਪੁਰਾਣੇ ਅੰਡਰ ਬ੍ਰਿਜ 'ਤੇ ਬਣੇ ਸ਼ੈੱਡ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਦਾਮਨ ਬਾਜਵਾ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਪੁਰਾਣੇ ਅੰਡਰ ਬ੍ਰਿਜ 'ਤੇ ਬਣੇ ਸ਼ੈੱਡ ਦੇ ਖਰਾਬ ਹੋ ਜਾਣ ਕਾਰਨ ਇੱਥੋਂ ਤੋਂ ਲੰਘਣ ਵਾਲੇ ਰਾਹਗੀਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਰੇਲਵੇ ਵਿਭਾਗ ਦੇ ਅਧਿਕਾਰੀਆਂ ਨਾਲ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ। ਦਾਮਨ ਬਾਜਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਵਿਭਾਗ ਵੱਲੋਂ ਆਉਣ ਵਾਲੇ ਕੁਝ ਹੀ ਦਿਨਾਂ ਦੇ ਅੰਦਰ-ਅੰਦਰ ਇਸ ਸ਼ੈੱਡ ਦੇ ਹੋਏ ਨੁਕਸਾਨ ਦੀ ਮੁਰੰਮਤ ਕਰਵਾ ਕੇ ਇਸਨੂੰ ਪੂਰੀ ਤਰ੍ਹਾਂ ਠੀਕ ਕਰ ਦਿੱਤਾ ਜਾਵੇਗਾ, ਤਾਂ ਜੋ ਸ਼ਹਿਰ ਵਾਸੀਆਂ ਨੂੰ ਕੋਈ ਦਿੱਕਤ ਨਾ ਆਵੇ।

ਇਸ ਮੌਕੇ ਭਾਜਪਾ ਦੀ ਸੀਨੀਅਰ ਆਗੂ ਮੋਨਿਕਾ ਗੋਇਲ (ਸਾਬਕਾ ਐਮ.ਸੀ ਸੁਨਾਮ), ਮਾਲਵਿੰਦਰ ਗੋਲਡੀ ਅਤੇ ਰੇਲਵੇ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

# 10000 ਰੁਪਏ ਰਿਸ਼ਵਤ ਲੈਂਦਾ ਹੌਲਦਾਰ ਕਾਬੂ



ਚੰਡੀਗੜ੍ਹ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਲੱਖੋਕੇ ਬਹਿਰਾਮ ਵਿਖੇ ਤਾਇਨਾਤ ਹੌਲਦਾਰ (ਹੈੱਡ ਕਾਂਸਟੇਬਲ) ਹਰਪਾਲ ਸਿੰਘ ਨੂੰ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਸਰੂਪ ਸਿੰਘ ਵਾਲਾ ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਦੇ ਭਰਾ ਵਿਰੁੱਧ ਐਨਡੀਪੀਐਸ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਮੁਲਜ਼ਮ ਹੌਲਦਾਰ ਨੇ ਸ਼ਿਕਾਇਤਕਰਤਾ ਤੋਂ ਉਸ ਮਾਮਲੇ ਵਿੱਚ ਸ਼ਿਕਾਇਤਕਰਤਾ ਦੀ ਮਦਦ ਕਰਨ ਅਤੇ ਉਸਦੇ ਭਰਾ ਨੂੰ ਕਿਸੇ ਹੋਰ ਮਾਮਲੇ ਵਿੱਚ ਨਾਮਜ਼ਦ ਨਾ ਕਰਨ ਦੇ ਬਦਲੇ ਇੱਕ ਲੱਖ ਰੁਪਏ ਦੀ ਰਿਸ਼ਵਤ ਮੰਗੀ। ਇਸ ਸਬੰਧ ਵਿੱਚ ਦੋਸ਼ੀ ਹੌਲਦਾਰ ਨੇ ਸ਼ਿਕਾਇਤਕਰਤਾ ਤੋਂ 20000 ਰੁਪਏ ਰਿਸ਼ਵਤ ਦੀ ਰਕਮ ਪ੍ਰਾਪਤ ਕੀਤੀ ਅਤੇ ਬਾਕੀ ਰਹਿੰਦੀ ਰਕਮ ਦੀ ਮੰਗ ਕਰਦਾ ਰਿਹਾ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਕਰਦੇ ਹੋਏ ਮੁਲਜ਼ਮ ਹੌਲਦਾਰ ਦੀ ਗੱਲਬਾਤ ਰਿਕਾਰਡ ਕਰ ਲਈ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# 60 ਵਿਦੇਸ਼ੀ ਗੈਂਗਸਟਰਾਂ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਜਾਰੀ ਰੱਖਦਿਆਂ ਪੁਲਿਸ ਟੀਮਾਂ ਨੇ 48 ਘੰਟਿਆਂ ਵਿੱਚ 2500 ਦੋਸ਼ੀਆਂ ਨੂੰ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, 25 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਆਪਣੀ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਜਾਰੀ ਰੱਖਦਿਆਂ ਪੰਜਾਬ ਪੁਲਿਸ ਦੀਆਂ ਟੀਮਾਂ ਨੇ 72 ਘੰਟਿਆਂ ਦੇ 'ਆਪ੍ਰੇਸ਼ਨ ਪ੍ਰਹਾਰ' ਤਹਿਤ ਅੱਜ ਲਗਾਤਾਰ ਦੂਜੇ ਦਿਨ ਵਿਦੇਸ਼ੀ ਗੈਂਗਸਟਰਾਂ ਦੇ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਮੰਗਲਵਾਰ ਨੂੰ ਗੈਂਗਸਟਰਾਂ ਵਿਰੁੱਧ ਵੱਡੇ ਪੱਧਰ 'ਤੇ ਜੰਗ ਦਾ ਐਲਾਨ ਕਰਦਿਆਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ 'ਆਪ੍ਰੇਸ਼ਨ ਪ੍ਰਹਾਰ' ਨਾਮਕ 72 ਘੰਟੇ ਲੰਬੀ ਕਾਰਵਾਈ ਆਰੰਭੀ ਸੀ, ਜਿਸ ਤਹਿਤ ਸੰਗਠਿਤ ਅਪਰਾਧ ਨੂੰ ਜੜ੍ਹੋਂ ਖਤਮ ਕਰਨ ਲਈ ਲਗਭਗ 12,000 ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 2000 ਤੋਂ ਵੱਧ ਪੁਲਿਸ ਟੀਮਾਂ, ਨੂੰ ਰਾਜ ਭਰ ਵਿੱਚ ਤਾਇਨਾਤ ਕੀਤਾ ਗਿਆ ਸੀ।

ਆਪ੍ਰੇਸ਼ਨ ਦੇ ਦੂਜੇ ਦਿਨ ਦੇ ਨਤੀਜੇ ਸਾਂਝੇ ਕਰਦਿਆਂ ਪੁਲਿਸ ਵਿਸ਼ੇਸ਼ ਡਾਇਰੈਕਟਰ ਜਨਰਲ (ਕਾਨੂੰਨ ਅਤੇ ਵਿਵਸਥਾ ਦੇ) ਅਰਪਿਤ ਸ਼ੁਕਲਾ, ਜੋ ਇਸ ਚੱਲ ਰਹੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਲਈ ਮੋਹਾਲੀ ਪੁੱਜੇ ਸਨ, ਨੇ ਕਿਹਾ, "ਆਪ੍ਰੇਸ਼ਨ ਦੇ ਦੂਜੇ ਦਿਨ ਰਾਜ ਭਰ ਵਿੱਚ ਵਿਦੇਸ਼ੀ ਗੈਂਗਸਟਰਾਂ ਦੇ 1186 ਸਹਿਯੋਗੀਆਂ ਅਤੇ ਸਹਾਇਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ ਹੁਣ 2500 ਹੋ ਗਈ ਹ

ੈ।" ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਪ੍ਰਹਾਰ ਦੇ ਪਹਿਲੇ ਦਿਨ 1314 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ, "ਸੰਗਠਿਤ ਅਪਰਾਧ ਦਾ ਸਮਰਥਲ ਕਰਨ ਵਾਲੀ ਸਹਾਇਤਾ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਲਈ ਵਿੱਤੀ ਨੈੱਟਵਰਕ, ਲੌਜਿਸਟਿਕਸ, ਹਥਿਆਰ ਸਪਲਾਈ ਚੇਨ ਅਤੇ ਸੰਚਾਰ ਲਿੰਕਾਂ ਸਮੇਤ ਵੱਖ-ਵੱਖ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।"

ਨਾਗਰਿਕਾਂ ਨੂੰ ਸੰਗਠਿਤ ਅਪਰਾਧ ਵਿਰੁੱਧ ਮੁਹਿੰਮ ਦਾ ਸਰਗਰਮੀ ਨਾਲ ਸਮਰਥਨ ਕਰਨ ਦੀ ਅਪੀਲ ਕਰਦਿਆਂ ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ, " ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਲੋਕ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦਿੱਤੀ ਜਾ ਸਕਦੀ ਹੈ ।"

## ਮੇਅਰ ਨੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਦੁਕਾਨਦਾਰਾਂ ਨੂੰ ਕੀਤੀ ਅਪੀਲ

# ਆਪਣੀ ਹਦੂਦ ਦੇ ਅੰਦਰ ਸਮਾਨ ਰੱਖ ਕੇ ਲੱਗਣ ਵਾਲੇ ਜਾਮ ਵਿੱਚ ਵੀ ਮਿਲੇਗੀ ਨਿਜ਼ਾਤ: ਮੇਅਰ



**ਪਟਿਆਲਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਸਫ਼ਾਈ ਅਤੇ ਸੁਚੱਜੇ ਪ੍ਰਬੰਧ ਲਈ ਨਗਰ ਨਿਗਮ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧ ਵਿੱਚ ਅੱਜ ਇੱਕ ਮੀਟਿੰਗ ਦੌਰਾਨ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਸਾਰੇ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣਾ ਸਮਾਨ ਦੁਕਾਨਾਂ ਦੀ ਹੱਦ ਅੰਦਰ ਹੀ ਰੱਖਣ ਅਤੇ ਸ਼ਹਿਰ ਦੀ ਸਫ਼ਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਦੁਕਾਨ ਦੇ ਬਾਹਰ ਡਸਟਬਿਨ ਜ਼ਰੂਰ ਲਗਾਉਣ। ਇਸ ਮੀਟਿੰਗ ਵਿੱਚ ਕੌਂਸਲਰ ਅਤੇ ਐਫ ਐਂਡ ਸੀ ਸੀ ਮੈਂਬਰ ਜਸਬੀਰ ਗਾਂਧੀ, ਕੌਂਸਲਰ ਸ਼ਿਵਰਾਜ ਵਿਰਕ, ਕੌਂਸਲਰ ਮੋਹਿਤ ਅਤੇ ਹੋਰ ਕੌਂਸਲਰ ਸਾਹਿਬਾਨ ਮੌਜੂਦ ਰਹੇ.

ਮੇਅਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਨੂੰ ਸਾਫ਼-ਸੁਥਰਾ ਬਣਾਈ ਰੱਖਣ ਲਈ ਹਰ ਰੋਜ਼ ਕੂੜਾ ਇਕੱਠਾ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਲਈ ਨਗਰ ਨਿਗਮ ਦੇ ਕਰਮਚਾਰੀ ਸਵੇਰੇ ਤੋਂ ਹੀ ਵੱਖ-ਵੱਖ ਇਲਾਕਿਆਂ ਵਿੱਚ ਕੂੜਾ ਇਕੱਠਾ ਕਰਨ ਦਾ ਕੰਮ ਕਰਦੇ ਹਨ, ਤਾਂ ਜੋ ਸ਼ਹਿਰ ਵਿੱਚ ਗੰਦਗੀ ਨਾ ਫੈਲੇ ਅਤੇ ਲੋਕਾਂ ਨੂੰ ਸਾਫ਼ ਵਾਤਾਵਰਣ ਮਿਲ ਸਕੇ।

ਉਨ੍ਹਾਂ ਕਿਹਾ ਕਿ ਦੁਕਾਨਦਾਰ ਸ਼ਹਿਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦਾ ਸਹਿਯੋਗ ਮਿਲਣ ਨਾਲ ਹੀ ਸਫ਼ਾਈ ਮੁਹਿੰਮ ਨੂੰ ਸਫਲ ਬਣਾਇਆ ਜਾ ਸਕਦਾ ਹੈ।

ਦੁਕਾਨਾਂ ਦੇ ਬਾਹਰ ਸਮਾਨ ਰੱਖਣ ਨਾਲ ਨਾ ਸਿਰਫ਼ ਆਵਾਜਾਈ ਵਿੱਚ ਰੁਕਾਵਟ ਪੈਂਦੀ ਹੈ, ਸਗੋਂ ਕਈ ਵਾਰ ਕੂੜਾ ਵੀ ਖੁੱਲ੍ਹੇ ਵਿੱਚ ਪੈਣ ਕਾਰਨ ਗੰਦਗੀ ਫੈਲਦੀ ਹੈ। ਇਸ ਲਈ ਸਾਰੇ ਦੁਕਾਨਦਾਰ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਨਿਯਮਾਂ ਦੀ ਪਾਲਣਾ ਕਰਨ।

ਮੇਅਰ ਨੇ ਇਹ ਵੀ ਦੱਸਿਆ ਕਿ ਨਗਰ ਨਿਗਮ ਵੱਲੋਂ ਦੁਕਾਨਦਾਰਾਂ ਨੂੰ ਸਹੂਲਤ ਦੇਣ ਲਈ ਖਾਸ ਪ੍ਰਬੰਧ ਕੀਤੇ ਗਏ ਹਨ। ਕੂੜਾ ਇਕੱਠਾ ਕਰਨ ਵਾਲੀਆਂ ਗੱਡੀਆਂ ਨਿਰਧਾਰਤ ਸਮੇਂ ਅਨੁਸਾਰ ਹਰ ਰੋਜ਼ ਆਉਂਦੀਆਂ ਹਨ, ਤਾਂ ਜੋ ਦੁਕਾਨਦਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਕਿਤੇ ਵੀ ਸਫ਼ਾਈ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਦੁਕਾਨਦਾਰ ਨਗਰ ਨਿਗਮ ਨਾਲ ਸੰਪਰਕ ਕਰ ਸਕਦੇ ਹਨ।

ਮੇਅਰ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼ ਰੱਖਣਾ ਸਿਰਫ਼ ਨਗਰ ਨਿਗਮ ਦੀ ਹੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਜੇਕਰ ਦੁਕਾਨਦਾਰ ਆਪਣਾ ਕੂੜਾ ਡਸਟਬਿਨ ਵਿੱਚ ਪਾਉਣ ਅਤੇ ਨਗਰ ਨਿਗਮ ਦੀ ਟੀਮ ਨਾਲ ਸਹਿਯੋਗ ਕਰਨ, ਤਾਂ ਸ਼ਹਿਰ ਨੂੰ ਸਾਫ਼, ਸੁੰਦਰ ਅਤੇ ਸਿਹਤਮੰਦ ਬਣਾਇਆ ਜਾ ਸਕਦਾ ਹੈ।

# ਬੈਂਕ ਸਟਰੀਟ ਦੀ ਜਗ੍ਹਾ ਨਾ ਬਦਲ ਕੇ ਭਗਵਾਨ ਮਹਾਂਵੀਰ ਸਵਾਮੀ ਮਾਰਗ ਰੱਖਿਆ ਦੇਵ ਮਾਨ



**ਨਾਭਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਬੇ ਸਮੇਂ ਤੋਂ ਮਹੱਲਾ ਵਾਸੀਆਂ ਦੀ ਮੰਗ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਯਤਨਾਂ ਸਦਕਾ ਨਗਰ ਕੌਂਸਲ ਦੇ ਪ੍ਰਧਾਨ ਜਸਦੀਪ ਖੰਨਾ ਵਲੋਂ ਸਥਾਨਕ ਬੈਂਕ ਸਟਰੀਟ ਦੀ ਜਗ੍ਹਾ ਨਾ ਬਦਲ ਕੇ ਭਗਵਾਨ ਮਹਾਂਵੀਰ ਸਵਾਮੀ ਮਾਰਗ ਰੱਖਿਆ ਗਿਆ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਵਿਧਾਇਕ ਗੁਰਦੇਵ ਸਿੰਘ ਦੇ ਮਾਨ ਨੇ ਭਗਵਾਨ ਮਹਾਂਵੀਰ ਸਵਾਮੀ ਜੀ ਦਾ ਸੈਨਪੁਰ ਲਗਾਉਂਦਿਆਂ ਮਹੱਲਾ ਵਾਸੀਆਂ ਨਾਲ ਚਰਚਾ ਕੀਤੀ ਉਹਨਾਂ ਕਿਹਾ ਕਿ ਭਗਵਾਨ ਮਹਾਂਵੀਰ ਜੀ 24ਵੇਂ ਤੀਰਥ ਅੰਕਰ ਸਵਾਮੀ ਜੀ ਸਨ ਜਿਨਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਮੁੜ ਕੀ ਹੋ ਗਿਆ ਇਹ ਨਾਮ ਦਿੱਤਾ ਗਿਆ ਹੈ ਅੱਛਾ ਮਾਂ ਕਿਤੇ ਇਸ ਮੌਕੇ ਮਹੱਲਾ ਵਾਸੀਆਂ ਵੱਲੋਂ ਉਹਨਾਂ ਦਾ ਧੰਨਵਾਦ ਕਰਦੇ ਹਾਂ ਕਈ ਵਾਰੀ ਸਲਾਹ ਕੀਤੀ ਗਈ ਇਸ ਮੌਕੇ ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਸੰਦੀਪ ਬਾਂਸਲ ਚੇਅਰਮੈਨ, ਤੇਜਿੰਦਰ ਸਿੰਘ ਖਹਿਰਾ, ਜੈਨ ਸਮਾਜ ਤੇ ਪ੍ਰਧਾਨ ਗੌਰਵ ਜੈਨ, ਸੈਕਟਰੀ ਸੰਦੀਪ ਜੈਨ, ਉੱਪ ਪ੍ਰਧਾਨ ਨਿਤਿਨ ਜੈਨ, ਪਿੰਕ ਰਾਜ ਜੈਨ, ਮਨਹਰ ਜੈਨ, ਸ਼ਾਂਤੀ ਪ੍ਰਕਾਸ਼, ਨਵਜੋਤ ਜੈਨ, ਅਤੁੱਲ ਜੈਨ, ਸੋਨਲ ਜੈਨ, ਰਿਸਵ ਜ਼ੈਨ, ਸੁਖਦੀਪ ਸਿੰਘ ਖਹਿਰਾ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ ਤੇ ਮਹੁੱਲਾ ਵਾਸੀ ਮੌਜੂਦ ਸਨ।

# ਪੇਂਡੂ ਮਹਿਲਾਵਾਂ ਦੇ ਸਵੈ ਸਹਾਇਤਾ ਸਮੂਹਾਂ ਨੂੰ ਸਵੈ ਰੋਜ਼ਗਾਰ ਲਈ ਲਗਭਗ 2.36 ਕਰੋੜ ਰੁਪਏ ਦੇ ਕਰਜ਼ੇ ਵੰਡੇ: ਦਮਨਜੀਤ ਸਿੰਘ ਮਾਨ



**ਪਟਿਆਲਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਦਿਹਾਤੀ ਅਜੀਵਿਕਾ ਮਿਸ਼ਨ ਨਾਲ ਜੁੜੀਆਂ ਦਿਹਾਤੀ ਮਹਿਲਾਵਾਂ ਦੇ ਸਵੈ ਸਹਾਇਤਾ ਸਮੂਹਾਂ ਨੂੰ ਸਵੈ-ਰੋਜ਼ਗਾਰ ਨਾਲ ਜੋੜਨ ਲਈ ਲਗਵਾਏ ਜ਼ਿਲ੍ਹਾ ਪੱਧਰੀ ਲੋਨ ਮੇਲੇ ਦੌਰਾਨ 102 ਸਵੈ ਸਹਾਇਤਾ ਸਮੂਹਾਂ ਨੂੰ ਲਗਭਗ 2 ਕਰੋੜ 36 ਲੱਖ ਰੁਪਏ ਦੇ ਕਰਜ਼ਿਆਂ ਦੇ ਪ੍ਰਵਾਨਗੀ ਪੱਤਰ ਵੰਡੇ ਗਏ। ਇਹ ਪ੍ਰਗਟਾਵਾ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ ਨੇ ਕੀਤਾ।

ਇੱਥੇ ਜ਼ਿਲ੍ਹਾ ਪਰਿਸ਼ਦ ਵਿਖੇ ਆਜੀਵਿਕਾ ਮਿਸ਼ਨ ਵੱਲੋਂ ਕਰਵਾਏ ਲੋਨ ਮੇਲੇ ਵਿੱਚ ਜ਼ਿ ?ਲ੍ਹਾ ਪ੍ਰੀਸ਼ਦ ਦੇ ਸਕੱਤਰ-ਕਮ-ਆਜੀਵਿਕਾ ਮਿਸ਼ਨ ਦੇ ਸੀ.ਈ.ਓ ਅਮਨਦੀਪ ਕੌਰ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹਾ 5400 ਸਵੈ ਸਹਾਇਤਾ ਸਮੂਹਾਂ ਨਾਲ ਪੰਜਾਬ ਰਾਜ 'ਚ ਪਹਿਲੇ ਸਥਾਨ 'ਤੇ ਹੈ ਅਤੇ ਪਹਿਲਾਂ ਇਨ੍ਹਾਂ 'ਚੋਂ ਲਗਭਗ 2700 ਸਮੂਹ 1-1 ਲੱਖ ਰੁਪਏ ਦਾ ਕਰਜਾ ਲੈ ਕੇ ਸਫ਼ਲਤਾ ਪੂਰਵਕ ਵਾਪਸ ਕਰਕੇ ਆਪਣੇ ਰੋਜ਼ਗਾਰ ਨੂੰ ਵਧਾ ਚੁੱਕੇ ਹਨ।

ਇਸ ਲੋਨ ਮੇਲੇ ਵਿੱਚ ਸਭ ਤੋਂ ਵੱਧ ਲੋਨ ਪੰਜਾਬ ਗ੍ਰਾਮੀਣ ਬੈਂਕ (43) ਅਤੇ ਕੋਆਪਰੇਟਿਵ ਬੈਂਕ (33) ਦੁਆਰਾ ਕੀਤੇ ਗਏ। ਵੱਖ-ਵੱਖ ਬਲਾਕਾਂ ਤੋਂ ਆਜੀਵਿਕਾ ਮਿਸ਼ਨ ਨਾਲ ਜੁੜੇ ਤਕਰੀਬਨ 60 ਤੋਂ ਵੱਧ ਮੈਂਬਰਾਂ ਵੱਲੋਂ ਲੋਨ ਮੇਲੇ ਵਿੱਚ ਸ਼ਿਰਕਤ ਕੀਤੀ ਗਈ।

ਇਸ ਦੌਰਾਨ ਡੀ.ਪੀ.ਐਮ ਰੀਨਾ ਰਾਣੀ, ਡੀ.ਐਫ.ਐਮ. ਹਰਜਿੰਦਰ ਸਿੰਘ, ਵਰੁਨ ਪ੍ਰਾਸ਼ਰ, ਹਰਦੀਪ ਕੁਮਾਰ, ਰੇਨੂ, ਪ੍ਰਿੰਕੂ ਸਿੰਗਲਾ, ਜਸਵਿੰਦਰ ਸਿੰਘ, ਔਪਿੰਦਰ ਸਿੰਘ, ਨਵਦੀਪ, ਨਵਦੀਪ ਸਿੰਘ, ਅਮਨਦੀਪ ਕੌਰ (ਸਾਰੇ ਬੀ.ਪੀ.ਐਮਜ), ਐਮ.ਆਈ.ਐਸ, ਰਵਿੰਦਰ ਸ਼ਰਮਾ ਅਤੇ ਆਜੀਵਿਕਾ ਮਿਸ਼ਨ ਦੇ ਹੋਰ ਨੁਮਾਇੰਦੇ, ਐਲ.ਡੀ.ਐਮ, ਸਹਿਕਾਰੀ ਬੈਂਕ ਦੇ ਡੀਸੀਓ, ਪੰਜਾਬ ਗ੍ਰਾਮਿਣ ਬੈਂਕ ਦੇ ਮੈਨੇਜਰ ਤੇ ਹੋਰ ਬੈਂਕਾਂ ਦੇ ਨੁਮਾਇੰਦੇ ਮੌਜੂਦ ਸਨ।

# ਦੁਬਈ ਤੋਂ ਵਾਪਸ ਪਰਤਿਆ ਨੌਜਵਾਨ ਪੰਜ ਵਿਦੇਸ਼ੀ 30 ਬੋਰ ਪਿਸਤੌਲਾਂ ਅਤੇ ਸੱਤ ਮੈਗਜ਼ੀਨਾਂ ਸਮੇਤ ਗ੍ਰਿਫ਼ਤਾਰ

## ਗੈਂਗਸਟਰਾਂ ਨੂੰ ਵੱਡੀ ਵਾਰਦਾਤ ਵਿੱਚ ਵਰਤੇ ਜਾਣ ਲਈ ਦਿੱਤੇ ਜਾਣੇ ਸੀ ਇਹ ਹਥਿਆਰ



**ਚੰਡੀਗੜ੍ਹ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦਾਸਪੁਰ ਪੁਲਿਸ ਨੂੰ ਇੱਕ ਵੱਡੀ ਸਫਲਤਾ ਉਸ ਸਮੇਂ ਮਿਲੀ ਜਦੋਂ ਇੱਕ ਸੂਚਨਾ 'ਤੇ ਕਾਰਵਾਈ ਕਰਦਿਆਂ, ਉਨ੍ਹਾਂ ਨੇ ਸੰਗਰੂਰ ਦੇ ਰਹਿਣ ਵਾਲੇ ਅਰਸ਼ਦੀਪ ਸਿੰਘ ਨੂੰ ਪੰਜ ਵਿਦੇਸ਼ੀ 30 ਬੋਰ ਪਿਸਤੌਲਾਂ ਅਤੇ ਸੱਤ ਮੈਗਜ਼ੀਨਾਂ ਸਮੇਤ ਗ੍ਰਿਫ਼ਤਾਰ ਕੀਤਾ। ਉਹ ਪੰਜਾਬ ਵਿੱਚ ਮਾਹੌਲ ਖਰਾਬ ਕਰਨ ਲਈ ਵਿਦੇਸ਼ਾਂ ਵਿੱਚ ਰਹਿੰਦੇ ਗੈਂਗਸਟਰਾਂ ਦੇ ਇਸ਼ਾਰੇ 'ਤੇ ਹਥਿਆਰਾਂ ਦੀ ਇਹ ਖੇਪ ਪੰਜਾਬ ਵਿੱਚ ਰਹਿਣ ਵਾਲੇ ਗੈਂਗਸਟਰਾਂ ਨੂੰ ਸੌਂਪਣ ਦਾ ਇਰਾਦਾ ਰੱਖਦਾ ਸੀ।

ਇਸ ਜਾਣਕਾਰੀ ਦਾ ਖੁਲਾਸਾ ਕਰਦੇ ਹੋਏ, ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਗੁਰਦਾਸਪੁਰ ਪੁਲਿਸ ਨੂੰ ਇੱਕ ਵੱਡੀ ਸਫਲਤਾ ਉਸ ਸਮੇਂ ਮਿਲੀ ਜਦੋਂ ਉਨ੍ਹਾਂ ਨੇ ਸਰਹੱਦ ਪਾਰ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਇੱਕ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਇੱਕ ਨੌਜਵਾਨ ਅਰਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਜੋ ਇੱਕ ਸਾਲ ਤੋਂ ਭਾਰਤ ਵਿੱਚ ਸੀ। ਉਹ ਇੱਕ ਸਾਲ ਪਹਿਲਾਂ ਦੁਬਈ ਤੋਂ ਸੰਗਰੂਰ ਵਾਪਸ ਆਇਆ ਸੀ ਅਤੇ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਦੇ ਇਸ਼ਾਰੇ 'ਤੇ, ਹਥਿਆਰਾਂ ਦੀ ਇਹ ਖੇਪ ਪੰਜਾਬ ਵਿੱਚ ਬੈਠੇ ਗੈਂਗਸਟਰਾਂ ਨੂੰ ਸੌਂਪਣਾ ਚਾਹੁੰਦਾ ਸੀ ਤਾਂ ਜੋ ਪੰਜਾਬ ਦਾ ਮਾਹੌਲ ਖਰਾਬ ਕੀਤਾ ਜਾ ਸਕੇ। ਹਾਲਾਂਕਿ, ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਇਸ ਨੌਜਵਾਨ ਅਰਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਤੋਂ ਮਾਰੂ ਹਥਿਆਰ ♦✓5-30 ਬੋਰ ਦੇ ਪੰਜ ਵਿਦੇਸ਼ੀ ਪਿਸਤੌਲ ਬਰਾਮਦ ਕੀਤੇ ਗਏ ਹਨ ਅਤੇ ਹੋਰ ਜਾਂਚ ਜਾਰੀ ਹੈ।

# ਐਸ.ਸੀ. ਕਮਿਸ਼ਨ ਵਲੋਂ ਡੀ.ਡੀ.ਪੀ.ਓ. ਸੰਗਰੂਰ ਤਲਬ

**ਚੰਡੀਗੜ੍ਹ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਇਕ ਮਾਮਲੇ ਵਿਚ ਕਾਰਵਾਈ ਕਰਦਿਆਂ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਸੰਗਰੂਰ (ਡੀ.ਡੀ.ਪੀ.ਓ.) ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਤਲਬ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਕਮਿਸ਼ਨ ਨੂੰ ਸ੍ਰੀ ਜਗਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਪਿੰਡ ਬਖਤੜੀ, ਤਹਿਸੀਲ ਭਵਾਨੀਗੜ੍ਹ, ਜਿਲ੍ਹਾ ਸੰਗਰੂਰ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ। ਜਿਸ ਸਬੰਧੀ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਸੰਗਰੂਰ (ਡੀ.ਡੀ.ਪੀ.ਓ.) ਨੂੰ ਪੜਤਾਲ ਸਬੰਧੀ 20 ਜਨਵਰੀ, 2026 ਨੂੰ ਕਮਿਸ਼ਨ ਵਿਚ ਪੇਸ਼ ਹੋਣ ਲਈ ਕਿਹਾ ਗਿਆ ਸੀ, ਪ੍ਰੰਤੂ ਇਸ ਨਿਸ਼ਚਿਤ ਮਿਤੀ ਤੇ ਵਿਭਾਗ ਦਾ ਕੋਈ ਵੀ ਨੁਮਾਇੰਦਾ ਹਾਜਰ ਨਹੀਂ ਹੋਇਆ, ਇਸ ਲਈ ਕਮਿਸ਼ਨ ਨੇ ਹੁਕਮ ਦਿੱਤਾ ਹੈ।

# ਸੀ ਟੀ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਡੈਲ ਅਟਲਾਂਟਿਕੋ (ਕੋਲੰਬੀਆ) ਵਿਚਕਾਰ ਇਤਿਹਾਸਕ MoU



**ਲੁਧਿਆਣਾ, 25 ਜਨਵਰੀ**
**ਕੁਲਦੀਪ ਦੁਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਨੇ ਆਪਣੇ ਅੰਤਰਰਾਸ਼ਟਰੀਕਰਨ ਦੇ ਸਫ਼ਰ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਕੋਲੰਬੀਆ ਦੇ ਬਾਰਾਂਕੀਲਾ ਸ਼ਹਿਰ ਵਿੱਚ ਸਥਿਤ ਯੂਨੀਵਰਸਿਟੀ ਡੈਲ ਅਟਲਾਂਟਿਕੋ ਨਾਲ ਸਮਝੌਤਾ ਯਾਦਾਸ਼ਤ (MoU) ਓਤੇ ਦਸਤਖ਼ਤ ਕੀਤੇ ਹਨ।

ਇਸ ਸਮਝੌਤੇ ਦਾ ਮਕਸਦ ਭਾਰਤ ਅਤੇ ਕੋਲੰਬੀਆ ਦਰਮਿਆਨ ਸੱਭਿਆਚਾਰਕ ਕੂਟਨੀਤੀ ਨੂੰ ਮਜ਼ਬੂਤ ਕਰਨਾ ਅਤੇ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਅਨੁਭਵ ਦੇ ਨਵੇਂ ਮੌਕੇ ਸਿਰਜਣੇ ਹਨ। $ੴ" 'ਤੇ ਸੀ ਟੀ ਯੂਨੀਵਰਸਿਟੀ ਵੱਲੋਂ ਰਜਿਸਟਰਾਰ ਸੰਜੇ ਖੰਡੂਰੀ ਅਤੇ ਯੂਨੀਵਰਸਿਟੀ ਡੈਲ ਅਟਲਾਂਟਿਕੋ ਵੱਲੋਂ ਪ੍ਰੋ. (ਡਾ.) ਮਾਰੀਆ ਕਾਰਮਨ ਮੇਲੇਂਦੇਜ਼ ਵੇਲਿਸਿਲਾ ਨੇ ਦਸਤਖ਼ਤ ਕੀਤੇ।

ਇਸ ਭਾਗੀਦਾਰੀ ਦੇ ਤਹਿਤ ਦੋਹਾਂ ਸੰਸਥਾਵਾਂ ਮਿਲ ਕੇ ਸੰਗੀਤ, ਨਾਚ, ਨਾਟਕ, ਵਿਜ਼ੂਅਲ ਆਰਟਸ, ਨੇਤ੍ਰਤਵ ਵਿਕਾਸ, ਵਿਅਕਤੀਤਵ ਵਿਕਾਸ ਅਤੇ ਸਮੁਦਾਇਕ ਭਾਗੀਦਾਰੀ ਨਾਲ ਜੁੜੀਆਂ ਗਤੀਵਿਧੀਆਂ ਬਿਨਾਂ ਕਿਸੇ ਫੀਸ ਦੇ ਆਯੋਜਿਤ ਕਰਨਗੀਆਂ। ਇਹ ਸਮਝੌਤਾ ਤਿੰਨ ਸਾਲਾਂ ਲਈ ਵੈਧ ਰਹੇਗਾ ਅਤੇ ਆਪਸੀ ਸਹਿਮਤੀ ਨਾਲ ਵਧਾਇਆ ਜਾ ਸਕੇਗਾ।

ਯੂਨੀਵਰਸਿਟੀ ਪ੍ਰਬੰਧਨ ਅਨੁਸਾਰ, ਇਹ MoU ਵਿਦਿਆਰਥੀਆਂ ਨੂੰ ਵਿਸ਼ਵ ਦ੍ਰਿਸ਼ਟੀਕੋਣ, ਸੱਭਿਆਚਾਰਕ ਸਮਝ ਅਤੇ ਅਨੁਭਵਾਤਮਕ ਸਿੱਖਿਆ ਪ੍ਰਦਾਨ ਕਰਕੇ ਸੀ ਟੀ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਸੱਭਿਆਚਾਰਕ ਵਾਤਾਵਰਣ ਨੂੰ ਹੋਰ ਅਮੀਰ ਬਣਾਏਗਾ।

# ਨਜਾਇਜ਼ ਮਾਈਨਿੰਗ ਖ਼ਿਲਾਫ਼ ਕਾਰਵਾਈ ਕਰਦਿਆਂ ਵਿਭਾਗ ਵੱਲੋਂ 7.39 ਲੱਖ ਰੁਪਏ ਦੀ ਰਿਕਵਰੀ

**ਪਟਿਆਲਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ: ਪ੍ਰੀਤੀ ਯਾਦਵ ਦੀ ਅਗਵਾਈ ਹੇਠ ਅੱਜ ਜ਼ਿਲ੍ਹਾ ਪੱਧਰ 'ਤੇ ਮਾਈਨਿੰਗ ਸਬੰਧੀ ਚੈਕਿੰਗ ਕੀਤੀ ਗਈ। ਇਸ ਦੌਰਾਨ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ, ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ, ਪੁਲਿਸ ਅਤੇ ਹੋਰ ਅਧਿਕਾਰੀ ਮੌਜੂਦ ਰਹੇ। ਮੀਟਿੰਗ ਦੌਰਾਨ ਨਜਾਇਜ ਮਾਈਨਿੰਗ 'ਤੇ ਰੋਕ, ਕੀਤੀ ਗਈ ਕਾਰਵਾਈ, ਰਿਕਵਰੀ ਅਤੇ ਕੋਰਟ ਕੇਸਾਂ ਸਬੰਧੀ ਵਿਸਥਾਰ ਨਾਲ ਵਿਚਾਰ ਕੀਤਾ ਗਿਆ।

ਕਾਰਜਕਾਰੀ ਇੰਜੀਨੀਅਰ ਸ੍ਰੀ ਪ੍ਰਥਮ ਗੰਭੀਰ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਮਿਤੀ 24 ਦਸੰਬਰ ਤੋਂ 25 ਜਨਵਰੀ ਤੱਕ ਨਜਾਇਜ ਮਾਈਨਿੰਗ ਸਬੰਧੀ ਕੀਤੇ ਗਏ ਚਲਾਨਾਂ ਰਾਹੀਂ ਕੁੱਲ 7.39 ਲੱਖ ਰੁਪਏ ਦੀ ਰਿਕਵਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਨਿਯਮਤ ਤੌਰ 'ਤੇ ਚੈਕਿੰਗ ਅਤੇ ਕਾਰਵਾਈ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਪਟਿਆਲਾ ਨੇ ਏ.ਡੀ.ਸੀ. (ਜ) ਅਤੇ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਨਜਾਇਜ ਮਾਈਨਿੰਗ ਨੂੰ ਰੋਕਣ ਲਈ ਸੰਬੰਧਤ ਐਸ.ਡੀ.ਓ ਮਾਈਨਿੰਗ ਨਾਲ ਤਾਲਮੇਲ ਕਰਦੇ ਹੋਏ ਨਿਯਮਤ ਚੈਕਿੰਗ ਯਕੀਨੀ ਬਣਾਈ ਜਾਵੇ। ਇਸਦੇ ਨਾਲ ਨਾਲ ਕੀਤੀ ਗਈ ਕਾਰਵਾਈ ਦੀ ਵਿਸਥਾਰਤ ਰਿਪੋਰਟ ਸਮੇਂ ਸਿਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜਣੀ ਲਾਜ਼ਮੀ ਹੋਵੇਗੀ।

ਜ਼ਿਲ੍ਹਾ ਮਿਨਰਲ ਫਾਊਂਡੇਸ਼ਨ ਸਬੰਧੀ ਦੱਸਿਆ ਗਿਆ ਕਿ ਜ਼ਿਲ੍ਹਾ ਮਿਨਰਲ ਫਾਊਂਡੇਸ਼ਨ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ 10 ਫਰਵਰੀ ਨੂੰ ਨਿਰਧਾਰਤ ਕੀਤੀ ਗਈ ਹੈ, ਜਿਸ ਵਿੱਚ ਆਉਣ ਵਾਲੇ ਪੰਜ ਸਾਲਾਂ ਦੇ ਐਕਸ਼ਨ ਪਲਾਨ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ, ਤਾਂ ਜੋ ਖਨਿਜ ਪ੍ਰਭਾਵਿਤ ਇਲਾਕਿਆਂ ਵਿੱਚ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਸਕੇ।

ਇਸ ਮੌਕੇ ਜ਼ਿਲ੍ਹਾ ਅਟਾਰਨੀ ਪਟਿਆਲਾ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਨਜਾਇਜ ਮਾਈਨਿੰਗ ਨਾਲ ਸੰਬੰਧਿਤ ਕੁੱਲ 51 ਕੋਰਟ ਕੇਸ ਵੱਖ-ਵੱਖ ਅਦਾਲਤਾਂ ਵਿੱਚ ਵਿਚਾਰ ਅਧੀਨ ਹਨ ਅਤੇ ਇਨ੍ਹਾਂ ਕੇਸਾਂ ਦੀ ਪੈਰਵੀ ਸਰਕਾਰ ਵੱਲੋਂ ਪੂਰੀ ਸਖ਼ਤੀ ਨਾਲ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਪਟਿਆਲਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਜਾਇਜ ਮਾਈਨਿੰਗ ਖ਼ਿਲਾਫ਼ ਸਖ਼ਤ ਰਵੱਈਆ ਅਪਣਾਉਂਦਿਆਂ ਵਾਤਾਵਰਣ ਦੀ ਸੁਰੱਖਿਆ ਅਤੇ ਸਰਕਾਰੀ ਰੇਵਨਿਊ ਦੀ ਰਾਖੀ ਲਈ ਹਰ ਸੰਭਵ ਕਦਮ ਚੁੱਕ ਰਿਹਾ ਹੈ ਅਤੇ ਇਹ ਮੁਹਿੰਮ ਆਉਣ ਵਾਲੇ ਸਮੇਂ ਵਿੱਚ ਹੋਰ ਤੇਜ਼ ਕੀਤੀ ਜਾਵੇਗੀ।

# ਲੁਧਿਆਣਾ ਵਿਖੇ ਮੁੰਡੇ ਦਾ ਸ਼ਰੇਆਮ ਗੋਲੀਆਂ ਮਾਰ ਕੇ ਕਤਲ

**ਲੁਧਿਆਣਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਜਮਾਲਪੁਰ ਇਲਾਕੇ ਵਿਚ ਸਥਿਤ ਗ੍ਰੀਨ ਪਾਰਕ ਵਿਚ ਇਕ ਨੌਜਵਾਨ ਦਾ ਸ਼ਰੇਆਮ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਫ਼ਾਇਰਿੰਗ ਦੀ ਘਟਨਾ ਨਾਲ ਇਲਾਕੇ ਵਿਚ ਦਹਿਸ਼ਤ ਫ਼ੈਲ ਗਈ।

ਜਾਣਕਾਰੀ ਮੁਤਾਬਕ, ਅੱਜ ਸਵੇਰੇ-ਸਵੇਰੇ ਪਾਰਕ ਵਿਚ ਲੋਕ ਰੋਜ਼ਾਨਾ ਦੀ ਤਰ੍ਹਾਂ ਸੈਰ ਕਰ ਰਹੇ ਸਨ। ਇਸੇ ਦੌਰਾਨ ਕੁਝ ਨੌਜਵਾਨ ਉੱਥੇ ਪਹੁੰਚੇ ਤੇ ਇਕ ਮੁੰਡੇ ਨੂੰ ਨਿਸ਼ਾਨਾ ਬਣਾਉਂਦਿਆਂ ਗੋਲ਼ੀਆਂ ਚਲਾ ਦਿੱਤੀਆਂ। ਗੋਲ਼ੀ ਲੱਗਣ ਨਾਲ ਮੁੰਡਾ ਖ਼ੂਨੋਖ਼ੂਨ ਹੋ ਕੇ ਡਿੱਗ ਗਿਆ। ਅਚਾਨਕ ਹੋਈ ਫ਼ਾਇਰਿੰਗ ਨਾਲ ਪਾਰਕ ਵਿਚ ਮੌਜੂਦ ਬਜ਼ੁਰਗਾਂ, ਮਹਿਲਾਵਾਂ ਤੇ ਬੱਚਿਆਂ ਨੂੰ ਭਾਜੜਾਂ ਪੈ ਗਈਆਂ। ਹਮਲਾਵਰ ਵਾਰਦਾਤ ਤੋਂ ਤੁਰੰਤ ਬਾਅਦ ਹਨੇਰੇ ਦਾ ਫ਼ਾਇਦਾ ਚੁੱਕ ਕੇ ਮੌਕੇ ਤੋਂ ਰਫੂ-ਚੱਕਰ ਹੋ ਗਏ। ਘਟਨਾ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ। ਸਥਾਨਕ ਲੋਕਾਂ ਵਿਚ ਪੁਲਸ ਦੀ ਸੁਸਤ ਕਾਰਜਪ੍ਰਣਾਲੀ ਨੂੰ ਲੈ ਕੇ ਭਾਰੀ ਰੋਸ ਵੇਖਣ ਨੂੰ ਮਿਲਿਆ। ਦੋਸ਼ ਹੈ ਕਿ ਸੂਚਨਾ ਦੇਣ ਦੇ ਕਰੀਬ ਅੱਧੇ ਘੰਟੇ ਬਾਅਦ ਪੁਲਸ ਮੌਕੇ 'ਤੇ ਪਹੁੰਚੀ। ਉਦੋਂ ਤਕ ਹਮਲਾਵਰ ਦੂਰ ਜਾ ਚੁੱਕੇ ਸਨ। ਫ਼ਿਰ ਪੁਲਸ ਨੇ ਜ਼ਖ਼ਮੀ ਨੌਜਵਾਨ ਨੂੰ ਤੁਰੰਤ ਇਲਾਜ ਲਈ ਨੇੜਲੇ ਹਸਪਤਾਲ ਵਿਚ ਵਿਚ ਦਾਖ਼ਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਹਰੀਕੇ ਹੈੱਡ ਦੇ ਗੇਟ ਖੋਲ੍ਹੇ ! ਕਣਕ ਦੀਆਂ ਫ਼ਸਲਾਂ 'ਚ ਭਰਿਆ ਪਾਣੀ, ਮੁੜ ਹੜ੍ਹ ਵਰਗੇ ਹਾਲਾਤ

**ਤਰਨਤਾਰਨ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤਰਨ ਤਾਰਨ ਦੇ ਵਿਧਾਨ ਸਭਾ ਹਲਕਾ ਪੱਟੀ ਅਧੀਨ ਪੈਂਦੇ ਕਸਬਾ ਹਰੀਕੇ ਹੈੱਡ ਤੋਂ ਪ੍ਰਸ਼ਾਸਨ ਵੱਲੋਂ ਅਚਾਨਕ ਦਰਿਆ ਦੇ ਤਿੰਨ ਦਰ ਖੋਲ੍ਹ ਦਿੱਤੇ ਜਾਣ ਕਾਰਨ ਹੇਠਲੇ ਇਲਾਕਿਆਂ ਵਿੱਚ ਪਾਣੀ ਦਾ ਪੱਧਰ ਖ਼ਤਰਨਾਕ ਤਰੀਕੇ ਨਾਲ ਵਧ ਗਿਆ ਹੈ। ਇਸ ਕਾਰਨ ਦਰਿਆ ਦੇ ਨਾਲ ਲੱਗਦੇ ਖੇਤਾਂ ਵਿੱਚ ਬੀਜੀ ਹੋਈ ਕਣਕ ਦੀ ਫ਼ਸਲ ਪਾਣੀ ਵਿੱਚ ਡੁੱਬ ਗਈ ਹੈ, ਜਿਸ ਨਾਲ ਕਿਸਾਨਾਂ ਨੂੰ ਵੱਡੇ ਆਰਥਿਕ ਨੁਕਸਾਨ ਦਾ ਡਰ ਸਤਾ ਰਿਹਾ ਹੈ।

**ਬਿਨਾਂ ਬਾਰਿਸ਼ ਅਤੇ ਬਿਨਾਂ ਡੈਮ ਖੋਲ੍ਹੇ ਪਾਣੀ ਛੱਡਣ 'ਤੇ ਉੱਠੇ ਸਵਾਲ**

ਇਸ ਸਬੰਧੀ ਰੋਸ ਪ੍ਰਗਟ ਕਰਦਿਆਂ 'ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ' ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਅਤੇ ਹੋਰ ਕਿਸਾਨ ਆਗੂਆਂ ਨੇ ਦੱਸਿਆ ਕਿ ਸਾਲ 2025 ਵਿੱਚ ਭਾਰੀ ਬਾਰਿਸ਼ਾਂ ਅਤੇ ਹੜ੍ਹਾਂ ਕਾਰਨ ਪੱਟੀ ਖੇਤਰ ਦੇ ਲੋਕ ਪਹਿਲਾਂ ਹੀ ਬਹੁਤ ਮਾਰ ਝੱਲ ਚੁੱਕੇ ਹਨ।

ਉਨ੍ਹਾਂ ਹੈਰਾਨੀ ਜਤਾਈ ਕਿ ਹੁਣ ਨਾ ਤਾਂ ਕਿਧਰੇ ਬਾਰਿਸ਼ ਹੋਈ ਹੈ ਅਤੇ ਨਾ ਹੀ ਪਿਛਲੇ ਪਾਸਿਓਂ ਕਿਸੇ ਡੈਮ ਦਾ ਪਾਣੀ ਛੱਡਿਆ ਗਿਆ ਹੈ, ਫਿਰ ਵੀ ਪ੍ਰਸ਼ਾਸਨ ਵੱਲੋਂ ਹਰੀਕੇ ਹੈੱਡ ਦੇ ਦਰ ਖੋਲ੍ਹ ਕੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਬਰਬਾਦ ਕੀਤਾ ਜਾ ਰਿਹਾ ਹੈ।

ਕਣਕ ਦੀਆਂ ਉੱਗੀਆਂ ਹੋਈਆਂ ਫ਼ਸਲਾਂ ਵਿੱਚ ਪਾਣੀ ਭਰ ਜਾਣ ਕਾਰਨ ਫ਼ਸਲ ਦੇ ਗਲਣ ਦਾ ਖ਼ਤਰਾ ਬਣ ਗਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਪਾਣੀ ਦੇ ਤੇਜ਼ ਵਹਾਅ ਨਾਲ ਖੇਤਾਂ ਵਿੱਚ ਫਿਰ ਤੋਂ ਰੇਤ ਭਰ ਜਾਵੇਗੀ, ਜਿਸ ਕਾਰਨ ਜ਼ਮੀਨਾਂ ਬੰਜਰ ਹੋਣ ਦਾ ਡਰ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਪਿਛਲੇ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਉਹ ਪਹਿਲਾਂ ਹੀ 19 ਦਿਨਾਂ ਤੋਂ ਧਰਨੇ 'ਤੇ ਬੈਠੇ ਹਨ। ਕਈ ਕਿਸਾਨਾਂ ਦੀਆਂ ਜ਼ਮੀਨਾਂ ਵਿੱਚੋਂ ਅਜੇ ਪਿਛਲੀ ਰੇਤ ਵੀ ਨਹੀਂ ਨਿਕਲੀ।

ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਹਰੀਕੇ ਹੈੱਡ ਦੇ ਖੋਲ੍ਹੇ ਗਏ ਦਰਾਂ ਨੂੰ ਤੁਰੰਤ ਬੰਦ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਪਾਣੀ ਦਾ ਵਹਾਅ ਨਾ ਰੋਕਿਆ ਗਿਆ ਅਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਹੋਰ ਨੁਕਸਾਨ ਹੋਇਆ, ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੇ।

# ਹਰਪਾਲ ਜੁਨੇਜਾ ਬਣੇ PRTC ਦੇ ਨਵੇਂ ਚੇਅਰਮੈਨ



**ਪਟਿਆਲਾ, 25 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਜਵਾਨ ਅਤੇ ਲੋਕਪ੍ਰਿਯ ਆਗੂ ਹਰਪਾਲ ਜੁਨੇਜਾ ਨੂੰ ਪੀ.ਆਰ.ਟੀ.ਸੀ (ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ) ਦੇ ਚੇਅਰਮੈਨ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ।

ਪਟਿਆਲਾ ਨਾਲ ਸਬੰਧਤ ਹਰਪਾਲ ਜੁਨੇਜਾ ਦੀ ਇਸ ਨਿਯੁਕਤੀ ਨੂੰ ਲੈ ਕੇ ਸਥਾਨਕ ਲੋਕਾਂ ਅਤੇ ਸਮਰਥਕਾਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦੀ ਅਗਵਾਈ ਹੇਠ ਪੀ.ਆਰ.ਟੀ.ਸੀ ਨੂੰ ਨਵੀਂ ਦਿਸ਼ਾ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ।

# ਅਗਰਵਾਲ ਸਭਾ ਵੱਲੋਂ ਏਕਮ ਦਾ ਦਿਹਾੜਾ ਧੂਮਧਾਮ ਨਾਲ ਮਨਾਇਆ



**ਸੰਗਰੂਰ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਸਭਾ ਸੁਨਾਮ ਵੱਲੋਂ ਹਰ ਮਹੀਨੇ ਦੀ ਤਰਾਂ ਇਸ ਵਾਰ ਵੀ ਦੇਸੀ ਮਹੀਨੇ ਦੀ ਪਹਿਲੀ ਤਾਰੀਖ ਏਕਮ ਦਾ ਦਿਹਾੜਾ ਭਾਰੀ ਠੰਢ ਦੇ ਬਾਵਜੂਦ ਬੜੀ ਧੂਮਧਾਮ ਨਾਲ ਮਨਾਇਆ ਗਿਆ। ਮਹਾਰਾਜਾ ਅਗਰਸੇਨ ਚੌਂਕ ਵਿੱਖੇ ਪਹੁੰਚ ਕੇ ਮਹਾਰਾਜਾ ਅਗਰਸੇਨ ਜੀ ਦੀ ਪੂਜਾ ਅਰਚਣਾ ਕੀਤੀ ਗਈ ਤੇ ਆਰਤੀ ਦਾ ਗਾਇਨ ਕੀਤਾ ਗਿਆ। ਇਸ ਮਹੀਨੇ ਦੀ ਪੂਜਾ ਤੇ ਭੋਗ ਪ੍ਰਸਾ ?ਦ ਦੀ ਸੇਵਾ ਮੇਘ ਰਾਜ ਗੁਪਤਾ ਤੇ ਉਨ੍ਹਾਂ ਦੀ ਪਤਨੀ ਵਿਜੇ ਰਾਣੀ ਗੁਪਤਾ ਪ੍ਰੀਵਾਰ ਵੱਲੋਂ ਕੀਤੀ ਗਈ। ਇਸ ਮੌਕੇ ਤੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ ਨੇ ਗੁਪਤਾ ਪਰਿਵਾਰ ਦਾ ਧੰਨਵਾਦ ਕੀਤਾ ਤੇ ਮਹਾਰਾਜਾ ਅਗਰਸੇਨ ਜੀ ਦੇ ਚਰਨਾਂ ਚ ਅਰਦਾਸ ਕੀਤੀ ਕੇ ਉਹ ਗੁਪਤਾ ਪਰਿਵਾਰ ਵਿੱਚ ਏਕਤਾ, ਆਪਸੀ ਪਿਆਰ ਤੇ ਤੰਦਰੁਸਤੀਆਂ ਬਣਾਈ ਰੱਖੇ ਤੇ ਪ੍ਰੀਵਾਰ ਨੂੰ ਤਰੱਕੀਆਂ ਬਖਸੇ। ਇਸ ਮੌਕੇ ਟਰੇਡਰ ਕਮਿਸ਼ਨ ਦੇ ਹਲਕਾ ਸੁਨਾਮ ਦੇ ਚੇਅਰਮੈਨ ਰਾਮ ਕੁਮਾਰ ਭੁਟਾਲੀਆ ਤੇ ਮੈਂਬਰ ਅਜੈ ਮਸਤਾਨੀ ਜਿੰਦਲ, ਨਰੇਸ਼ ਭੋਲਾ ਕੁਲਾਰ ਤੇ ਪ੍ਰਭਜੋਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ। ਰਾਮ ਕੁਮਾਰ ਨੇ ਉਨ੍ਹਾਂ ਨੂੰ ਤੇ ਮੈਂਬਰਾਂ ਨੂੰ ਸਨਮਾਨਿਤ ਕਰਨ ਤੇ ਅਗਰਵਾਲ ਸਭਾ ਦਾ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਸਰਕਾਰ ਵੱਲੋਂ ਦਿੱਤੀ ਜਿਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।

# ਆਮ ਆਦਮੀ ਪਾਰਟੀ ਵਿਰਾਸਤ ਸੇਵਾ ਸੰਗਠਨ ਮਾਲਵਾ ਈਸਟ ਜੋਨ ਦੇ ਨਵ ਨਿਯੁਕਤ ਜ਼ਿਲ੍ਹਾ ਅਤੇ ਹਲਕਾ ਕੋਆਰਡੀਨੇਟਰਾਂ ਦੀ ਮੀਟਿੰਗ



**ਪਟਿਆਲਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਵਿਰਾਸਤ ਸੇਵਾ ਸੰਗਠਨ ਦੀ ਪਲੇਠੀ ਮੀਟਿੰਗ ਸਥਾਨਕ ਸਰਕਟ ਹਾਊਸ ਵਿਖੇ ਸੰਗਠਨ ਦੇ ਨਵ ਨਿਯੁਕਤ ਸਟੇਟ ਸੈਕਟਰੀ ਜੱਸੀ ਸੋਹੀਆ ਵਾਲਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ ਅਤੇ ਸਟੇਟ ਸੈਕਟਰੀ ਕੇਵਲ ਸਿੰਘ ਜਾਗੋਵਾਲ ਚੇਅਰਮੈਨ ਇੰਪਰੂਵਮੈਂਟ ਟਰੱਸਟ ਮਾਲੇਰਕੋਟਲਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸੰਗਠਨ ਦੇ ਨਵ ਨਿਯੁਕਤ ਸੂਬਾ ਪ੍ਰਧਾਨ ਸ਼ਮਿੰਦਰ ਸਿੰਘ ਖਿੰਡਾ ਚੇਅਰਮੈਨ ਪੰਜਾਬ ਐਗਰੋ ਨੇ ਵਿਸ਼ੇਸ਼ ਤੌਰ 'ਤੇ ਸਮੂਲੀਅਤ ਕੀਤੀ। ਇਸ ਮੌਕੇ ਮਾਲਵਾ ਈਸਟ ਜੋਨ ਨਾਲ ਸਬੰਧਤ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਕੋਆਰਡੀਨੇਟਰ ਹਾਜ਼ਰ ਰਹੇ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਗਠਨ ਦੇ ਸੂਬਾ ਪ੍ਰਧਾਨ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਲਾਈ ਦਿੱਤੀ ਗਈ ਜ਼ਿਮੇਵਾਰੀ ਤਹਿਤ ਅੱਜ ਮਾਲਵਾ ਈਸਟ ਜੋਨ ਦੇ ਜ਼ਿਲ੍ਹਾ ਅਤੇ ਹਲਕਾ ਕੋਆਰਡੀਨੇਟਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਸੰਗਠਨ ਨੂੰ ਬੂਥ ਪੱਧਰ ਤੋਂ ਵਧੀਆ ਢੰਗ ਨਾਲ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਰਧਾਲੂਆਂ ਲਈ ਕਾਫੀ ਲਾਹੇਵੰਦ ਸਾਬਤ ਹੋ ਰਹੀ ਹੈ, ਜਿਸ ਨਾਲ ਸੰਗਤਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ ਅਤੇ ਇਸ ਯੋਜਨਾ ਨੂੰ ਸਰਕਾਰ ਵਲੋਂ ਨਿਰਵਿਘਨ ਵਧੀਆ ਢੰਗ ਨਾਲ ਚਲਾਇਆ ਜਾ ਰਿਹਾ ਹੈ ਤਾਂ ਜੋ ਕੋਈ ਵੀ ਬਜ਼ੁਰਗ ਇਸ ਤੋਂ ਵਾਂਝਾ ਨਾ ਰਹਿ ਸਕੇ।

ਇਸ ਮੌਕੇ ਸਟੇਟ ਸੈਕਟਰੀ ਜੱਸੀ ਸੋਹੀਆਂ ਵਾਲਾ ਚੇਅਰਮੈਨ, ਸਟੇਟ ਸੈਕਟਰੀ ਕੇਵਲ ਸਿੰਘ ਜਾਗੋਵਾਲ ? ਦੀ ਅਗਵਾਈ ਹੇਠ ਨਵ ਨਿਯੁਕਤ ਸੂਬਾ ਪ੍ਰਧਾਨ, ਜ਼ਿਲ੍ਹਾ ਕੋਆਰਡੀਨੇਟਰ ਤੇ ਹਲਕਾ ਕੋਆਰਡੀਨੇਟਰਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪਟਿਆਲਾ ਦਿਹਾਤੀ ਤੋਂ ਸੰਗਠਨ ਕੋਆਰਡੀਨੇਟਰ ਹਨੀ ਮਾਹਲਾ ਚੇਅਰਮੈਨ ਮਾਰਕੀਟ ਕਮੇਟੀ ਡਕਾਲਾ, ਪਟਿਆਲਾ ਅਰਬਨ ਦੇ ਜ਼ਿਲ੍ਹਾ ਕੋਆਰਡੀਨੇਟਰ ਰਘਵੀਰ ਸਿੰਘ ਗੋਪਾਲਪੁਰ, ਰੂਪਨਗਰ ਦੇ ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਢਾਹੇ ਚੇਅਰਮੈਨ ਪਲੈਨਿੰਗ ਬੋਰਡ, ਮੋਹਾਲੀ ਦੇ ਜ਼ਿਲ੍ਹਾ ਕੋਆਰਡੀਨੇਟਰ ਬਲਵਿੰਦਰ ਸਿੰਘ ਆਲਮਗੀਰ, ਸੰਗਰੂਰ ਦੇ ਜ਼ਿਲ੍ਹਾ ਕੋਆਰਡੀਨੇਟਰ ਚਰਨਜੀਤ ਸਿੰਘ ਚੰਨੀ, ਮਾਲੇਰਕੋਟਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਤਰਸੇਮ ਸਿੰਘ, ਹਲਕਾ ਕੋਆਰਡੀਨੇਟਰ ਸਹਿਜਪਾਲ ਸਿੰਘ ਲਾਡਾ ਹਲਕਾ ਘਨੌਰ, ਹਰਮਿੰਦਰਪਾਲ ਸਿੰਘ ਸ਼ਭਰਵਾਲ ਪਟਿਆਲਾ ਸ਼ਹਿਰੀ, ਬਲਜੀਤ ਸਿੰਘ ਮੌਲੀਵਾਲ ਹਲਕਾ ਸੁਤਰਾਣਾ, ਦਵਿੰਦਰ ਸਿੰਘ ਨਰਮਾਣਾ ਹਲਕਾ ਨਾਭਾ, ਤੇਜਿੰਦਰ ਸਿੰਘ ਬਠੋਈ ਹਲਕਾ ਸਮਾਣਾ, ਸੁਰੇਸ਼ ਰਾਏ ਪਟਿਆਲਾ ਦਿਹਾਤੀ, ਅਜੈ ਚੌਧਰੀ ਹਲਕਾ ਰਾਜਪੁਰਾ, ਫੂਲਰਾਜ ਸਿੰਘ ਮੋਹਾਲੀ, ਜਸਵਿੰਦਰ ਸਿੰਘ ਹਲਕਾ ਡੇਰਾ ਬੱਸੀ, ਅਨੀਲ ਭਾਟੀਆ ਹਲਕਾ ਖਰੜ, ਮੋਹਣ ਸਿੰਘ ਸ੍ਰੀ ਚਮਕੌਰ ਸਾਹਿਬ, ਜਾਫਰ ਅਲੀ ਹਲਕਾ ਮਾਲੇਰਕੋਟਲਾ ?, ਚਮਕੌਰ ਸਿੰਘ ਗੁਆਰਾ ਹਲਕਾ ਅਮਰਗੜ੍ਹ, ਭਿੰਦਾ ਵਿਰਕ ਹਲਕਾ ਧੂਰੀ, ਗਗਨਦੀਪ ਸਿੰਘ ਹਲਕਾ ਸੰਗਰੂਰ, ਸੰਜੇ ਸਿੰਗਲਾ ਹਲਕਾ ਲਹਿਰਾ, ਪ੍ਰਦੀਪ ਸਿੰਘ ਕਾਕੂ ਹਲਕਾ ਰੂਪਨਗਰ ਅਤੇ ਸ਼ਾਮ ਲਾਲ ਹਲਕਾ ਆਨੰਦਪੁਰ ਸਾਹਿਬ ਆਦਿ ਮੌਜੂਦ ਸਨ।

## ਨਜਾਇਜ਼ ਇਮਾਰਤਾਂ ਖ਼ਿਲਾਫ਼ ਸਖ਼ਤ ਕਾਰਵਾਈ ਸ਼ੁਰੂ, ਨਕਸ਼ਾ ਪਾਸ ਕਰਵਾਉਣਾ ਲਾਜ਼ਮੀ

# ਜਿੱਥੇ ਲੋਕ ਕਾਨੂੰਨੀ ਢੰਗ ਨਾਲ ਕੰਮ ਕਰਨਗੇ, ਉਥੇ ਨਗਰ ਨਿਗਮ ਪੂਰਾ ਸਹਿਯੋਗ ਦੇਵੇਗਾ: ਮੇਅਰ



**ਪਟਿਆਲਾ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਵਧ ਰਹੀਆਂ ਨਜਾਇਜ਼ ਇਮਾਰਤਾਂ ਨੂੰ ਰੋਕਣ ਲਈ ਨਗਰ ਨਿਗਮ ਵੱਲੋਂ ਕੱਲ੍ਹ ਤੋਂ ਸਖ਼ਤ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਅੱਜ ਨਗਰ ਨਿਗਮ ਵਿੱਚ ਹੋਈ ਇਕ ਅਹਿਮ ਮੀਟਿੰਗ ਦੌਰਾਨ ਮੇਅਰ ਵੱਲੋਂ ਦਿੱਤੀ ਗਈ। ਮੇਅਰ ਨੇ ਦੱਸਿਆ ਕਿ ਜੋ ਵੀ ਵਿਅਕਤੀ ਬਿਨਾਂ ਨਕਸ਼ਾ ਪਾਸ ਕਰਵਾਏ ਨਜਾਇਜ਼ ਤੌਰ 'ਤੇ ਨਿਰਮਾਣ ਕਰ ਰਿਹਾ ਹੈ, ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਮੇਅਰ ਨੇ ਕਿਹਾ ਕਿ ਸ਼ਹਿਰ ਦੀ ਸੁਚੱਜੀ ਯੋਜਨਾ ਅਤੇ ਲੋਕਾਂ ਦੀ ਸੁਰੱਖਿਆ ਲਈ ਨਕਸ਼ਾ ਪਾਸ ਕਰਵਾਉਣਾ ਬਹੁਤ ਜ਼ਰੂਰੀ ਹੈ। ਬਿਨਾਂ ਮਨਜ਼ੂਰੀ ਬਣ ਰਹੀਆਂ ਇਮਾਰਤਾਂ ਨਾਲ ਨਾ ਸਿਰਫ਼ ਸ਼ਹਿਰ ਦੀ ਦਿੱਖ ਖ਼ਰਾਬ ਹੁੰਦੀ ਹੈ, ਸਗੋਂ ਭਵਿੱਖ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਨਗਰ ਨਿਗਮ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਨਜਾਇਜ਼ ਨਿਰਮਾਣ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਮੇਅਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਵਿਅਕਤੀ ਇਮਾਰਤ ਬਣਾਉਣਾ ਚਾਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਆਪਣਾ ਨਕਸ਼ਾ ਨਗਰ ਨਿਗਮ ਤੋਂ ਪਾਸ ਕਰਵਾਏ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਨਕਸ਼ਾ ਪਾਸ ਕਰਵਾਉਣ ਦੌਰਾਨ ਕਿਸੇ ਕਿਸਮ ਦੀ ਕੋਈ ਦਿੱਕਤ ਆਉਂਦੀ ਹੈ ਜਾਂ ਨਗਰ ਨਿਗਮ ਦਾ ਕੋਈ ਮੁਲਾਜ਼ਮ ਕਿਸੇ ਨੂੰ ਤੰਗ-ਪਰੇਸ਼ਾਨ ਕਰਦਾ ਹੈ, ਤਾਂ ਉਹ ਬਿਨਾਂ ਕਿਸੇ ਡਰ ਦੇ ਸਿੱਧਾ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ।

ਮੇਅਰ ਨੇ ਦੱਸਿਆ ਕਿ ਨਗਰ ਨਿਗਮ ਦਾ ਮਕਸਦ ਲੋਕਾਂ ਨੂੰ ਪਰੇਸ਼ਾਨ ਕਰਨਾ ਨਹੀਂ, ਸਗੋਂ ਨਿਯਮਾਂ ਅਨੁਸਾਰ ਸ਼ਹਿਰ ਦਾ ਵਿਕਾਸ ਕਰਨਾ ਹੈ। ਜਿੱਥੇ ਲੋਕ ਕਾਨੂੰਨੀ ਢੰਗ ਨਾਲ ਕੰਮ ਕਰਨਗੇ, ਉਥੇ ਨਗਰ ਨਿਗਮ ਪੂਰਾ ਸਹਿਯੋਗ ਦੇਵੇਗਾ। ਪਰ ਜਿੱਥੇ ਨਿਯਮਾਂ ਦੀ ਉਲੰਘਣਾ ਕੀਤੀ ਜਾਵੇਗੀ, ਉਥੇ ਸਖ਼ਤ ਕਾਰਵਾਈ ਕੀਤੀ ਜਾਣੀ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਸਪਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਜਾਇਜ਼ ਨਿਰਮਾਣਾਂ ਦੀ ਪਛਾਣ ਕਰਕੇ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਬੇਵਜ੍ਹਾ ਤਕਲੀਫ਼ ਨਾ ਆਵੇ।

ਅੰਤ ਵਿੱਚ ਮੇਅਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਨਾਲ ਸਹਿਯੋਗ ਕਰਨ, ਨਕਸ਼ਾ ਪਾਸ ਕਰਵਾ ਕੇ ਹੀ ਨਿਰਮਾਣ ਕਰਨ ਅਤੇ ਸ਼ਹਿਰ ਨੂੰ ਸੁਚੱਜਾ, ਸੁਰੱਖਿਅਤ ਅਤੇ ਵਿਕਸਿਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਪੰਜਾਬ ਸਰਕਾਰ ਨੇ ਬੱਚਿਆਂ ਦੀ ਸੁਰੱਖਿਆ ਅਤੇ ਮਿਆਰੀ ਸਿੱਖਿਆ ਯਕੀਨੀ ਬਣਾਉਣ ਲਈ ਸਾਰੇ ਪਲੇਅ-ਵੇਅ ਸਕੂਲਾਂ ਦੀ ਲਾਜ਼ਮੀ ਔਨਲਾਈਨ ਰਜਿਸਟ੍ਰੇਸ਼ਨ ਲਈ ਪੋਰਟਲ ਕੀਤਾ ਲਾਂਚ : ਡਾ. ਬਲਜੀਤ ਕੌਰ

**➢ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਆਂਗਣਵਾੜੀਆਂ, ਪਲੇਅ-ਵੇਅ ਅਤੇ ਪ੍ਰਾਇਮਰੀ ਸਕੂਲਾਂ ਵਿੱਚ ਇੱਕੋ ਜਿਹਾ ਪਾਠਕ੍ਰਮ ਕੀਤਾ ਜਾਵੇਗਾ ਲਾਗੂ ➢ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਮੁੱਢਲੀ ਸਿੱਖਿਆ ਨੂੰ ਤਰਜੀਹ ਕਿਉਂਕਿ 6 ਸਾਲ ਦੀ ਉਮਰ ਤੋਂ ਪਹਿਲਾਂ ਹੁੰਦਾ 90 ਫੀਸਦੀ ਦਿਮਾਗੀ ਵਿਕਾਸ**

ਚੰਡੀਗੜ੍ਹ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਬੱਚਿਆਂ ਦੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੰਜਾਬ ਭਵਨ ਵਿਖੇ ਕਰਵਾਈ ਮੀਡੀਆ ਕਾਨਫਰੰਸ ਦੌਰਾਨ ਪਲੇਅ-ਵੇਅ ਸਕੂਲਾਂ ਲਈ ਇੱਕ ਆਨਲਾਈਨ ਰਜਿਸਟ੍ਰੇਸ਼ਨ ਪੋਰਟਲ ਸ਼ੁਰੂ ਕਰਨ ਦਾ ਐਲਾਨ ਕੀਤਾ।

ਮੀਡੀਆ ਨੂੰ ਸੰਬੋਧਨ ਕਰਦਿਆਂ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, " ਪੰਜਾਬ ਵਿੱਚ ਚੱਲ ਰਹੇ ਸਾਰੇ ਪਲੇਅ-ਵੇਅ ਸਕੂਲਾਂ ਸਮੇਤ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਾਲੇ ਨਿੱਜੀ ਸਕੂਲਾਂ ਨੂੰ ਇਸ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਨੀ ਲਾਜ਼ਮੀ ਹੋਵੇਗੀ। ਇਹ ਕਦਮ ਬੱਚਿਆਂ ਦੀ ਸਿੱਖਿਆ, ਸੁਰੱਖਿਆ ਅਤੇ ਸਮੁੱਚੇ ਵਿਕਾਸ ਦੀ ਪ੍ਰਭਾਵੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।"



ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਨੇ ਦੱਸਿਆ ਕਿ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੱਕੋ ਤਰ੍ਹਾਂ ਦਾ ਪਾਠਕ੍ਰਮ ਤਿਆਰ ਕੀਤਾ ਜਾ ਰਿਹਾ ਹੈ, ਜਿਸਨੂੰ ਆਂਗਣਵਾੜੀ ਕੇਂਦਰਾਂ, ਪਲੇਅ-ਵੇਅ ਸਕੂਲਾਂ ਅਤੇ ਪ੍ਰਾਇਮਰੀ ਸਕੂਲਾਂ ਵਿੱਚ ਲਾਗੂ ਕੀਤਾ ਜਾਵੇਗਾ। ਮੰਤਰੀ ਨੇ ਕਿਹਾ, ਆਂਗਣਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਦੀ ਸਿਖਲਾਈ ਫਰਵਰੀ ਦੇ ਅੱਧ ਤੱਕ ਪੂਰੀ ਹੋ ਜਾਵੇਗੀ। ਬੱਚਿਆਂ 'ਤੇ ਕਿਤਾਬਾਂ ਦਾ ਬੋਝ ਪਾਉਣ ਦੀ ਬਜਾਏ, ਖੇਡ-ਅਧਾਰਤ ਅਤੇ ਰਚਨਾਤਮਕ ਗਤੀਵਿਧੀਆਂ ਰਾਹੀਂ ਸਿੱਖਿਆ ਦਿੱਤੀ ਜਾਵੇਗੀ, ।

ਨਿੱਕੀ ਉਮਰ ਦੇ ਬੱਚਿਆਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਦਰਸਾਉਂਦਿਆਂ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, ਇੱਕ ਬੱਚੇ ਦਾ ਲਗਭਗ 90 ਫੀਸਦੀ ਦਿਮਾਗੀ ਵਿਕਾਸ 0-6 ਸਾਲ ਦੀ ਉਮਰ ਦੌਰਾਨ ਹੁੰਦਾ ਹੈ। ਇਸ ਲਈ ਇਸ ਅਹਿਮ ਸਮੇਂ ਦੌਰਾਨ ਬੱਚਿਆਂ ਨੂੰ ਮਿਆਰੀ ਸਿੱਖਿਆ ਅਤੇ ਸਹੀ ਪੋਸ਼ਣ ਪ੍ਰਦਾਨ ਕਰਨਾ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।"

ਉਨ੍ਹਾਂ ਅੱਗੇ ਕਿਹਾ ਕਿ ਮਿਸ਼ਨ ਆਰੰਭ ਤਹਿਤ, ਮਾਪਿਆਂ ਨੂੰ ਆਪਣੇ ਬੱਚਿਆਂ ਦੀ ਰੋਜ਼ਾਨਾ ਸਿੱਖਣ ਪ੍ਰਕਿਰਿਆ ਨਾਲ ਸਰਗਰਮੀ ਨਾਲ ਜੋੜਿਆ ਗਿਆ ਹੈ। ਡਿਜੀਟਲ ਸਮੱਗਰੀ ਸਾਂਝੀ ਕਰਕੇ ਬੱਚਿਆਂ ਨੂੰ ਘਰ ਵਿੱਚ ਆਪਣੇ ਮਾਪਿਆਂ ਨਾਲ ਰਹਿੰਦਿਆਂ ਸਿੱਖਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਹੁਣ ਤੱਕ ਬੱਚਿਆਂ ਦੇ ਬੌਧਿਕ ਵਿਕਾਸ ਵਿੱਚ ਮਾਪਿਆਂ ਦੀ ਭਾਗੀਦਾਰੀ ਨੂੰ ਮਜ਼ਬੂਤ ਕਰਨ ਲਈ ਇਸ ਮਿਸ਼ਨ ਤਹਿਤ 2,941 ਪੇਰੈਂਟ ਸਮੂਹ ਬਣਾਏ ਗਏ ਹਨ। ਮਾਪਿਆਂ ਨੂੰ ਉਨ੍ਹਾਂ ਦੇ ਫ਼ੋਨ 'ਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਵੀ ਭੇਜੀ ਜਾ ਰਹੀ ਹੈ ਤਾਂ ਜੋ ਉਹ ਘਰ ਵਿੱਚ ਆਪਣੇ ਬੱਚਿਆਂ ਦੀ ਸਿੱਖਣ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਭਾਗ ਲੈ ਸਕਣ। ਬੁਨਿਆਦੀ ਢਾਂਚੇ ਦੇ ਵਿਕਾਸ ਬਾਰੇ ਬੋਲਦਿਆਂ, ਮੰਤਰੀ ਨੇ ਕਿਹਾ, 1,000 ਨਵੇਂ ਆਂਗਣਵਾੜੀ ਕੇਂਦਰ ਬਣਾਉਣ ਦੇ ਟੀਚੇ ਦੇ ਤਹਿਤ, 100 ਕਰੋੜ ਦੀ ਲਾਗਤ ਨਾਲ 1,000 ਆਧੁਨਿਕ ਆਂਗਣਵਾੜੀ ਕੇਂਦਰ ਵਿਕਸਤ ਕੀਤੇ ਜਾ ਰਹੇ ਹਨ, ਜਿਸ ਤਹਿਤ ਪ੍ਰਤੀ ਕੇਂਦਰ 'ਤੇ ਲਗਭਗ 10 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚੋਂ 700 ਕੇਂਦਰਾਂ ਵਿੱਚ ਪਹਿਲਾਂ ਹੀ ਖੁੱਲ੍ਹੇ- ਹਵਾਦਾਰ ਕਮਰੇ, ਰਸੋਈਆਂ, ਬੱਚਿਆਂ ਦੇ ਪਖ਼ਾਨੇ, ਵਾਲ ਪੇਂਟਿੰਗਾਂ ਅਤੇ ਆਧੁਨਿਕ ਫਰਨੀਚਰ ਨਾਲ ਤਿਆਰ ਹਨ। ਬਾਕੀ 300 ਕੇਂਦਰ ਵੀ ਜਲਦ ਹੀ ਪੂਰੇ ਹੋ ਜਾਣਗੇ। ਅਖ਼ੀਰ ਵਿੱਚ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, ਪੰਜਾਬ ਸਰਕਾਰ ਵੱਲੋਂ ਸਾਡੇ ਬੱਚਿਆਂ ਲਈ ਇੱਕ ਸੁਰੱਖਿਅਤ ਅਤੇ ਉੱਜਵਲ ਭਵਿੱਖ ਯਕੀਨੀ ਬਣਾਉਣ ਲਈ ਸਿੱਖਿਆ, ਪੋਸ਼ਣ ਅਤੇ ਸੁਰੱਖਿਆ ਦੇ ਖੇਤਰਾਂ ਵਿੱਚ ਇਤਿਹਾਸਕ ਕਦਮ ਚੁੱਕੇ ਜਾ ਰਹੇ ਹਨ।

# ਕੇਂਦਰੀ ਜੀਐੱਸਟੀ, ਲੁਧਿਆਣਾ ਵੱਲੋਂ ਚੱਲ ਰਹੀ ਜੀਐੱਸਟੀ ਜਾਂਚ ਦੌਰਾਨ 10 ਕਰੋੜ ਰੁਪਏ ਦੀ ਵਸੂਲੀ

ਲੁਧਿਆਣਾ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਵਸਤੂ ਅਤੇ ਸੇਵਾ ਕਰ (ਸੀਜੀਐੱਸਟੀ), ਲੁਧਿਆਣਾ ਦੇ ਅਧਿਕਾਰੀਆਂ ਨੇ ਇੱਕ ਪ੍ਰਮੁੱਖ ਰੀਅਲ ਐਸਟੇਟ ਡਿਵੈਲਪਰ ਦੇ ਵਿਰੁੱਧ ਚੱਲ ਰਹੀ ਜਾਂਚ ਦੌਰਾਨ 10 ਕਰੋੜ ਰੁਪਏ ਦੀ ਰਾਸ਼ੀ ਦੀ ਵਸੂਲੀ ਕੀਤੀ ਹੈ।

ਇਹ ਜਾਂਚ ਵਿਕਾਸ ਪ੍ਰਯੋਜਨ ਲਈ ਦੀਰਘਕਾਲੀਕ ਪੱਟੇ 'ਤੇ ਲਈ ਗਈ ਭੂਮੀ ਦੇ ਸਬੰਧ ਵਿੱਚ ਰੇਲ ਭੂਮੀ ਵਿਕਾਸ ਅਧਿਕਾਰ (ਆਰਐੱਲਡੀਏ) ਨੂੰ ਅਦਾ ਕੀਤੇ ਅਗ੍ਰਿਮ ਪੱਟਾ ਪ੍ਰੀਮੀਅਮ 'ਤੇ ਰਿਵਰਸ ਚਾਰਜ ਮਕੈਨਿਜ਼ਮ (ਆਰਸੀਐੱਮ) ਦੇ ਅਧੀਨ ਵਸਤੂ ਅਤੇ ਸੇਵਾ ਕਰ (ਜੀਐੱਸਟੀ) ਦੇ ਕਥਿਤ ਗੈਰ-ਭੁਗਤਾਨ ਨਾਲ ਸਬੰਧਤ ਹੈ। ਜਾਂਚ ਦੀ ਅਵਧੀ ਵਿੱਤੀ ਸਾਲ 2022-23 ਤੋਂ 2025-26 ਤੱਕ ਦੀ ਹੈ।

ਜਾਂਚ ਦੌਰਾਨ ਕਰਦਾਤਾ ਵੱਲੋਂ ਆਪਣੀ ਜੀਐੱਸਟੀ ਦੇਣਦਾਰੀ ਦੇ ਵਿਰੁੱਧ ਸਵੈ-ਇੱਛਾ ਨਾਲ 10 ਕਰੋੜ ਰੁਪਏ ਦੀ ਰਾਸ਼ੀ ਇਲੈਕਟ੍ਰਾਨਿਕ ਨਕਦ ਲੇਜ਼ਰ ਦੇ ਮਾਧਿਅਮ ਨਾਲ ਜਮ੍ਹਾ ਕਰਵਾਈ ਗਈ। ਕਰ ਅਨੁਪਾਲਨ ਨੂੰ ਪ੍ਰੋਤਸਾਹਿਤ ਕਰਨ ਵਾਲੇ ਪਰਿਸਥਿਤਕੀ ਤੰਤਰ ਦੇ ਨਿਰਮਾਣ ਦੇ ਆਪਣੇ ਯਤਨਾਂ ਦੇ ਅਧੀਨ, ਕੇਂਦਰੀ ਜੀਐੱਸਟੀ, ਲੁਧਿਆਣਾ ਵੱਲੋਂ ਵੱਖ-ਵੱਖ ਪ੍ਰਵਰਤਨ ਉਪਾਅ ਅਪਣਾਏ ਜਾ ਰਹੇ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਚਾਲੂ ਵਿੱਤੀ ਸਾਲ ਵਿੱਚ ਹੁਣ ਤੱਕ 93 ਕਰੋੜ ਰੁਪਏ ਦੀ ਜੀਐੱਸਟੀ ਵਸੂਲੀ ਕੀਤੀ ਜਾ ਚੁੱਕੀ ਹੈ।

# ਚਾਈਲਡ ਲਾਈਨ ਨੰਬਰ 1098 ਤੇ ਮਿਲੀ ਸ਼ਿਕਾਇਤ ਦੇ ਆਧਾਰ ਤੇ ਕੀਤੀ ਚੈਕਿੰਗ

ਮਲੇਰਕੋਟਲਾ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚਾਈਲਡ ਲਾਈਨ ਨੰਬਰ 1098 'ਤੇ ਪ੍ਰਾਪਤ ਹੋਈ ਸ਼ਿਕਾਇਤ ਦੇ ਆਧਾਰ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰੋਜੈਕਟ ਜੀਵਨਜੋਤ 2.0 ਤਹਿਤ ਬਾਬਾ ਆਤਮਾ ਰਾਮ ਦੀ ਸਮਾਧ ਦੇ ਆਲੇ-ਦੁਆਲੇ ਬਾਲ ਭਿੱਖਿਆ ਸਬੰਧੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦਾ ਮੁੱਖ ਉਦੇਸ਼ ਜਨਤਕ ਧਾਰਮਿਕ ਸਥਾਨਾਂ 'ਤੇ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਉਣਾ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਸੀ।

ਚੈਕਿੰਗ ਦੌਰਾਨ ਟੀਮ ਵੱਲੋਂ ਸਮਾਧ ਦੇ ਮੁੱਖ ਦਰਵਾਜ਼ਿਆਂ, ਪਰਿਕਰਮਾ ਖੇਤਰ, ਨੇੜਲੇ ਰਸਤੇ ਅਤੇ ਆਸ-ਪਾਸ ਦੇ ਇਲਾਕਿਆਂ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ। ਬਾਲ ਸੁਰੱਖਿਆ ਵਿਭਾਗ ਦੀ ਟੀਮ ਦੇ ਨੁਮਾਇੰਦੇ ਨੇ ਕਿਹਾ ਕਿ ਇਸ ਦੌਰਾਨ ਕਿਸੇ ਵੀ ਬੱਚੇ ਨੂੰ ਭੀਖ ਮੰਗਦੇ ਹੋਏ ਨਹੀਂ ਪਾਇਆ ਗਿਆ ਅਤੇ ਇਹ ਨਤੀਜਾ ਦਰਸਾਉਂਦਾ ਹੈ ਕਿ ਪ੍ਰਸ਼ਾਸਨ ਵੱਲੋਂ ਬਾਲ ਭਿੱਖਿਆ ਵਿਰੁੱਧ ਚਲ ਰਹੀਆਂ ਲਗਾਤਾਰ ਕੋਸ਼ਿਸ਼ਾਂ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੀਆਂ ਹਨ।

ਚੈਕਿੰਗ ਦੇ ਨਾਲ-ਨਾਲ ਟੀਮ ਵੱਲੋਂ ਮੌਕੇ 'ਤੇ ਮੌਜੂਦ ਸੇਵਾਦਾਰਾਂ, ਦੁਕਾਨਦਾਰਾਂ ਅਤੇ ਸ਼ਰਧਾਲੂਆਂ ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਬਾਲ ਅਧਿਕਾਰਾਂ, ਬਾਲ ਭਿੱਖਿਆ ਸਬੰਧੀ ਕਾਨੂੰਨੀ ਪ੍ਰਬੰਧਾਂ ਅਤੇ ਬੱਚਿਆਂ ਦੀ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਬੱਚਿਆਂ ਨੂੰ ਭੀਖ ਮੰਗਣ ਲਈ ਉਤਸ਼ਾਹਿਤ ਨਾ ਕੀਤਾ ਜਾਵੇ ਅਤੇ ਜੇ ਕਿਤੇ ਵੀ ਅਜਿਹਾ ਮਾਮਲਾ ਨਜ਼ਰ ਆਵੇ ਤਾਂ ਤੁਰੰਤ ਚਾਈਲਡ ਲਾਈਨ ਨੰਬਰ 1098 'ਤੇ ਸੂਚਨਾ ਦਿੱਤੀ ਜਾਵੇ।

ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ ਪ੍ਰੋਜੈਕਟ ਜੀਵਨਜੋਤ 2.0 ਤਹਿਤ ਅਜਿਹੀਆਂ ਚੈਕਿੰਗਾਂ ਅਤੇ ਜਾਗਰੂਕਤਾ ਮੁਹਿੰਮਾਂ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹਿਣਗੀਆਂ, ਤਾਂ ਜੋ ਹਰ ਬੱਚੇ ਨੂੰ ਭਿਖਿਆ, ਸ਼ੋਸ਼ਣ ਅਤੇ ਅਸੁਰੱਖਿਅਤ ਜੀਵਨ ਤੋਂ ਬਚਾ ਕੇ ਇੱਕ ਸੁਰੱਖਿਅਤ, ਸਿੱਖਿਆਯੋਗ ਅਤੇ ਸੁਨਹਿਰਾ ਭਵਿੱਖ ਦਿੱਤਾ ਜਾ ਸਕੇ।

# ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ -2026 ਸ਼ੁਰੂ

**➢ ਭਾਰਤੀ ਚੋਣ ਕਮਿਸ਼ਨ ਨੇ ਸਵਾਗਤੀ ਸਮਾਰੋਹ ਵਿੱਚ ਦੇਸ਼ ਭਰ ਦੇ ਨੁਮਾਇੰਦਿਆਂ ਦਾ ਕੀਤਾ ਸਵਾਗਤ**
**➢ ਸਮਾਗਮ ਦੌਰਾਨ ਇੰਡੀਆ ਡਿਸਾਈਡਜ਼ ਦਸਤਾਵੇਜ਼ੀ ਫਿਲਮਾਂ ਦੀਆਂ ਝਲਕੀਆਂ ਵਿਖਾਈਆਂ ਗਈਆਂ**

ਚੰਡੀਗੜ੍ਹ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

1. ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਦਾ 3-ਦਿਨਾਂ ਸੰਮੇਲਨ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ (ਆਈ.ਆਈ.ਸੀ.ਡੀ.ਈ.ਐਮ.) 2026 ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਸ਼ੁਰੂ ਹੋਇਆ।

2. ਵਿਸ਼ੇਸ਼ ਤੌਰ 'ਤੇ ਕਰਵਾਏ ਸਵਾਗਤ ਸਮਾਰੋਹ ਵਿੱਚ ਭਾਰਤ ਦੇ ਮੁੱਖ ਚੋਣ ਕਮਿਸ਼ਨਰ (ਈ.ਸੀ.ਈ.), ਸ੍ਰੀ ਗਿਆਨੇਸ਼ ਕੁਮਾਰ, ਚੋਣ ਕਮਿਸ਼ਨਰ (ਈਸੀਜ਼) ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਨਾਲ ਲਗਭਗ 60 ਕੌਮਾਂਤਰੀ ਨੁਮਾਇੰਦਿਆਂ ਦਾ ਸਵਾਗਤ ਕੀਤਾ ਗਿਆ।

3. ਕਾਨਫਰੰਸ ਇੱਕ ਸ਼ਾਨਦਾਰ ਉਦਘਾਟਨੀ ਸੈਸ਼ਨ ਨਾਲ ਸ਼ੁਰੂ ਹੋਈ ਜਿਸ ਵਿੱਚ ਦੇਸ਼ ਭਰ ਤੋਂ ਲਗਭਗ 1000 ਸਖ਼ਸ਼ੀਅਤਾਂ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ 42 ਚੋਣ ਪ੍ਰਬੰਧਨ ਸੰਸਥਾਵਾਂ (ਈ.ਐਮ.ਬੀਜ਼) ਦੇ ਨੁਮਾਇੰਦੇ, 27 ਦੇਸ਼ਾਂ ਦੇ ਰਾਜਦੂਤ/ਹਾਈ ਕਮਿਸ਼ਨਰ, 70 ਤੋਂ ਵੱਧ ਕੌਮੀ ਸੰਸਥਾਵਾਂ ਦੇ ਮਾਹਰ ਅਤੇ ਭਾਰਤੀ ਚੋਣ ਕਮਿਸ਼ਨ ਦੇ ਸੀਨੀਅਰ ਅਧਿਕਾਰੀ ਅਤੇ 36 ਮੁੱਖ ਚੋਣ ਅਧਿਕਾਰੀ (ਈ.ਸੀ.ਓਜ਼) ਸ਼ਾਮਲ ਸਨ।



4. ਸ਼ਮੂਲੀਅਤ ਕਰਨ ਵਾਲੀਆਂ ਸਾਰੀਆਂ ਸਖ਼ਸ਼ੀਅਤਾਂ ਦਾ ਸਵਾਗਤ ਕਰਦਿਆਂ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਨੇ ਕਿਹਾ ਕਿ ਪਿਛਲੇ ਦਹਾਕਿਆਂ ਵਿੱਚ ਚੋਣ ਪ੍ਰਬੰਧਨ ਸੰਸਥਾਵਾਂ ਦੇ ਕਾਰਜ ਵਿੱਚ ਅਹਿਮ ਵਿਕਾਸ ਦੇਖਣ ਨੂੰ ਮਿਲਿਆ ਹੈ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ ਭਾਰਤ 1.5 ਅਰਬ ਦੀ ਆਬਾਦੀ ਵਾਲੇ 28 ਰਾਜਾਂ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ਾਂ ਸਮੇਤ ਬੇਮਿਸਾਲ ਪੈਮਾਨੇ 'ਤੇ ਚੋਣਾਂ ਕਰਵਾਉਂਦਾ ਹੈ।

5. ਦੇਸ਼ ਵਾਸੀਆਂ ਵੱਲੋਂ ਚੋਣ ਪ੍ਰਬੰਧਨ ਸੰਸਥਾਵਾਂ ਵਿੱਚ ਵਿਖਾਏ ਵਿਸ਼ਵਾਸ ਨੂੰ ਅਹਿਮ ਦੱਸਦਿਆਂ ਚੋਣ ਕਮਿਸ਼ਨ ਡਾ. ਸੁਖਬੀਰ ਸਿੰਘ ਸੰਧੂ ਨੇ ਕਿਹਾ ਕਿ ਹਰੇਕ ਚੋਣ ਨਾਗਰਿਕਾਂ 'ਤੇ ਕੇਂਦਰਿਤ ਹੁੰਦੀ ਹੈ, ਜਿਨ੍ਹਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਨ੍ਹਾਂ ਦੇ ਚੁਣਨ ਦੇ ਅਧਿਕਾਰ ਦਾ ਸਤਿਕਾਰ ਅਤੇ ਰਾਖੀ ਕਰਨਾ ਚੋਣ ਪ੍ਰਬੰਧਨ ਸੰਸਥਾਵਾਂ ਦੀ ਸਮੂਹਿਕ ਜ਼ਿੰਮੇਵਾਰੀ ਹੈ।

6. ਉਦਘਾਟਨੀ ਸੈਸ਼ਨ ਦੌਰਾਨ ਬੋਲਦਿਆਂ ਚੋਣ ਕਮਿਸ਼ਨ ਡਾ. ਵਿਵੇਕ ਜੋਸ਼ੀ ਨੇ ਕਿਹਾ ਕਿ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ - 2026 ਚੋਣ ਪ੍ਰਬੰਧਨ ਸੰਸਥਾਵਾਂ, ਖੋਜਕਰਤਾਵਾਂ, ਵਿਦਿਆਰਥੀਆਂ ਅਤੇ ਪੇਸ਼ੇਵਾਰਾਂ ਨੂੰ ਇੱਕ ਮੰਚ 'ਤੇ ਇੱਕਠਾ ਕਰਦਾ ਹੈ ਜੋ ਚੋਣਾਂ ਨੂੰ ਵੱਖ-ਵੱਖ ਨਜ਼ਰੀਏ ਤੋਂ ਦੇਖਦੇ ਹਨ ਅਤੇ ਆਪੋ-ਆਪਣੇ ਸੰਸਥਾਨਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।

7. ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ -2026 ਵਿਸ਼ੇ 'ਤੇ ਬੋਲਦਿਆਂ ਅੰਤਰਰਾਸ਼ਟਰੀ ਲੋਕਤੰਤਰ ਅਤੇ ਚੋਣ ਪ੍ਰਬੰਧਨ ਸੰਸਥਾਨ ਦੇ ਡਾਇਰੈਕਟਰ ਜਨਰਲ ਸ੍ਰੀ ਰਾਕੇਸ਼ ਵਰਮਾ ਨੇ ਕਿਹਾ ਕਿ ਭਾਰਤ ਦੀ ਪ੍ਰਧਾਨਗੀ ਦਾ ਵਿਸ਼ਾ ਇੱਕ ਸਮਾਵੇਸ਼ੀ, ਸ਼ਾਂਤੀਪੂਰਨ ਅਤੇ ਸਥਾਈ ਵਿਸ਼ਵ ਲਈ ਲੋਕਤੰਤਰ ਅਤੇ ਇਸ ਦੀ ਵਿਆਪਕਤਾ ਦੇ ਨਾਲ-ਨਾਲ 21ਵੀਂ ਸਦੀ ਵਿੱਚ ਲੋਕਤੰਤਰ ਨੂੰ ਕੀ ਪ੍ਰਦਾਨ ਕਰਨਾ ਚਾਹੀਦਾ ਹੈ, ਬਾਰੇ ਬਹੁ-ਪੱਖੀ ਸਮਝ ਨੂੰ ਦਰਸਾਉਂਦਾ ਹੈ।

8. ਸਾਰੇ ਭਾਗੀਦਾਰਾਂ ਨੇ ਵਾਰਨਰ ਬ੍ਰਦਰਜ਼ ਡਿਸਕਵਰੀ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਗਈਆਂ ਆਉਣ ਵਾਲੀਆਂ ਦਸਤਾਵੇਜ਼ੀ ਫਿਲਮਾਂ, ÷ਇੰਡੀਆ ਡਿਸਾਈਡਜ਼÷ ਦੀਆਂ ਝਲਕੀਆਂ ਵੇਖੀਆਂ। ਵਾਰਨਰ ਬ੍ਰਦਰਜ਼ ਡਿਸਕਵਰੀ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਰਜੁਨ ਨੋਹਵਾਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਆਕਰਸ਼ਕ ਵਿਜ਼ੂਅਲ ਰਾਹੀਂ ਦਸਤਾਵੇਜ਼ੀ ਫਿਲਮਾਂ ਸੰਸਥਾ ਦੇ ਕੰਮ ਕਰਨ ਦੇ ਤਰੀਕਿਆਂ ਨਾਲ ਆਮ ਚੋਣਾਂ ਨੂੰ ਦਰਸਾਉਂਦੀਆਂ ਹਨ, ਜੋ ਵਿਸ਼ਵ ਦੇ ਸਭ ਤੋਂ ਗੁੰਝਲਦਾਰ ਕਾਰਜਾਂ ਵਿੱਚੋਂ ਇੱਕ ਹੈ।

# ਲੋਕਤੰਤਰ ਦੇ ਚੋਥੇ ਥੰਮ ਦੀ ਅਜਾਦੀ 'ਤੇ ਹਮਲਾ ਪੰਜਾਬ ਸਰਕਾਰ ਦਾ ਨਿੰਦਣਯੋਗ ਕਦਮ : ਸੰਦੀਪ ਜਿੰਦਲ (ਬੰਟੀ)



ਜੈਤੋਂ,25 ਜਨਵਰੀ/-ਸੰਧੀਰ ਗਰਗ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਤੰਤਰ ਦੇ ਚੋਥੇ ਥੰਮ ਪ੍ਰੈਸ ਦੀ ਅਜਾਦੀ 'ਤੇ ਵਾਰ ਵਾਰ ਹਮਲਾ ਕੀਤਾ ਜਾ ਰਿਹਾ ਹੈ ਅਤੇ ਪ੍ਰੈਸ ਦੀ ਅਜਾਦੀ ਨੂੰ ਢਾਹ ਲਾਉਣ ਦੀ ਕੋਸਿਸ ਜਾ ਰਹੀ ਹੈ। ਪੰਜਾਬ ਸਰਕਾਰ ਦਾ ਇਹ ਨਿੰਦਣਯੋਗ ਕਾਰਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾਂ ਕਰਦੇ ਹੋਏ ਉੱਘੇ ਸਮਾਜ ਸੇਵੀ ਆਗੂ ਸੰਦੀਪ ਜਿੰਦਲ (ਬੰਟੀ) ਅਤੇ ਬਲਦੇਵ ਸਿੰਘ ਢੱਲਾ (ਬੱਲੀ) ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹੰਡਾਏ ਕਾਲੇ ਦੌਰ ਵਿੱਚ ਪੰਜਾਬ ਵਿੱਚ ਹਿੰਦ ਸਮਾਚਾਰ ਗਰੁੱਪ ਦੇ ਲਾਲਾ ਜਗਤ ਨਰਾਇਣ, ਰਮੇਸ਼ ਚੰਦਰ ਸਮੇਤ ਸੱਠ ਦੇ ਕਰੀਬ ਪੱਤਰਕਾਰਾਂ ਅਤੇ ਹਾਕਰਾਂ ਦੀ ਸਹਾਦਤ ਵੀ ਹਿੰਦ ਸਮਾਚਾਰ ਗਰੁੱਪ ਦੇ ਹੌਂਸਲੇ ਢੇਰੀ ਨਹੀਂ ਕਰ ਸਕੀ, ਤਾਂ ਇਹ ਝੂਠੇ ਪਰਚੇ ਜਾਂ ਹੋਰ ਕਾਰਵਾਈਆਂ ਕੀ ਕਰ ਲੈਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਦਾਰਾ ਹਿੰਦ ਸਮਾਚਾਰ ਸਮੂਹ ਅਤੇ ਪੱਤਰਕਾਰਾਂ 'ਤੇ ਨਜਾਇਜ਼ ਪਰਚੇ ਦਰਜ ਕਰਨਾ ਅਤੇ ਸੱਚ ਦੀ ਆਵਾਜ਼ ਨੂੰ ਦਬਾਉਣਾ ਬੇਹੱਦ ਮੰਦਭਾਗਾ ਹੈ। ਅਸੀ ਹਮੇਸ਼ਾ ਸੱਚ ਦੇ ਨਾਲ ਖੜ੍ਹੇ ਹਾਂ ਅਤੇ ਪੱਤਰਕਾਰਾਂ ਦੇ ਹਰੇਕ ਸੰਘਰਸ਼ ਵਿੱਚ ਉਨ੍ਹਾਂ ਦਾ ਡਟ ਕੇ ਸਾਥ ਦੇਵਾਂਗੇ। ਇਸ ਮੌਕੇ ਰਾਜਿੰਦਰ ਕੁਮਾਰ, ਮਨਦੀਪ ਕੁਮਾਰ, ਅਮਰਜੀਤ ਸਿੰਘ ਮੱਕੜ, ਜੋਨੀ ਸ਼ਰਮਾ, ਕਮਲ ਸਦਿਓੜਾ, ਪਰਵੀਨ ਕੁਮਾਰੀ ਅਤੇ ਕਮਲ ਬਾਗੜੀ ਆਦਿ ਹਾਜਰ ਸਨ।

# ਪੰਜਾਬ ਦੇ ਪਿੰਡਾਂ ਵਿੱਚ ਖੇਡ ਕ੍ਰਾਂਤੀ: ਆਪ ਸਰਕਾਰ ਤਿਆਰ ਕਰ ਰਹੀ 3100 ਮੈਦਾਨ, ਨੌਜਵਾਨਾਂ ਨੂੰ ਨਸ਼ਿਆਂ ਚੋਂ ਕੱਢ ਕੇ ਖੇਡਾਂ ਵੱਲ ਉਤਸਾਹਿਤ ਕਰਨਾ ਸਾਡਾ ਮਕਸਦ: ਤਰੁਨਪ੍ਰੀਤ ਸਿੰਘ ਸੌਂਦ

ਚੰਡੀਗੜ੍ਹ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸੂਬੇ ਵਿੱਚ ਬਣ ਰਹੇ ਪੇਂਡੂ ਖੇਡ ਮੈਦਾਨਾਂ ਦੀ ਪ੍ਰਗਤੀ ਅਤੇ ਗੁਣਵੱਤਾ ਨੂੰ ਲੈ ਕੇ ਸਰਕਾਰ ਦੇ ਸਖ਼ਤ ਰੁਖ਼ ਨੂੰ ਸਪੱਸ਼ਟ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਭਰ ਵਿੱਚ 3,100 ਪੇਂਡੂ ਖੇਡ ਮੈਦਾਨ ਤਿਆਰ ਕਰ ਰਹੀ ਹੈ, ਜਿਸ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਵੱਲ ਉਤਸਾਹਿਤ ਕਰਨਾ ਹੈ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦਿਆਂ ਮੰਤਰੀ ਸੌਂਦ ਨੇ ਦੱਸਿਆ ਕਿ ਪ੍ਰੋਜੈਕਟ ਦੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੇ ਤਿੰਨ ਵਿਸ਼ੇਸ਼ ਫਲਾਇੰਗ ਸਕੁਆਡ ਤਾਇਨਾਤ ਕੀਤੇ ਹਨ। ਇਹ ਦਸਤੇ ਸਰਕਾਰ ਦੀਆਂ 'ਅੱਖਾਂ ਅਤੇ ਕੰਨ' ਵਜੋਂ ਕੰਮ ਕਰਨਗੇ ਅਤੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਜਮੀਨੀ ਪੱਧਰ 'ਤੇ ਜਾਂਚ ਕਰਨਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਸਿਰਫ਼ ਕਾਗਜ਼ੀ ਕਾਰਵਾਈ ਨਹੀਂ ਚੱਲੇਗੀ, ਜ਼ਮੀਨ 'ਤੇ ਕੰਮ ਦੀ ਗੁਣਵੱਤਾ ਦਿਖਣੀ ਲਾਜ਼ਮੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਖੇਡ ਮੈਦਾਨਾਂ ਦੀ ਜਮੀਨੀ ਰਿਪੋਰਟ ਲਈ ਅਸੀਂ ਇੱਕ ਐਮਆਈਐਸ ਪੋਰਟਲ ਤਿਆਰ ਕੀਤਾ ਹੈ, ਜਿਸ ਵਿੱਚ ਸੰਬੰਧਿਤ ਅਧਿਕਾਰੀ ਨੂੰ ਵਿਕਾਸ ਕਾਰਜ ਦੀ ਹਰ 15 ਦਿਨ ਵਿੱਚ ਫੋਟੋ ਅਤੇ ਜਿਓ ਟੈਗਿੰਗ ਦੇ ਨਾਲ ਰਿਪੋਰਟ ਭੇਜਣੀ ਹੋਵੇਗੀ।

ਸਿਸਟਮ ਵਿੱਚ ਸੁਧਾਰ ਦਾ ਸਖ਼ਤ ਸੰਦੇਸ਼ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਿੱਥੇ ਵੀ ਝੂਠੀ ਰਿਪੋਰਟਿੰਗ ਜਾਂ ਕੰਮ ਵਿੱਚ ਲਾਪਰਵਾਹੀ ਪਾਈ ਗਈ, ਉੱਥੇ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਕਈ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਕਾਰਨ-ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਸਿਆਸੀ ਦਖ਼ਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸੌਂਦ ਨੇ ਦੱਸਿਆ ਕਿ ਪੂਰੇ ਪੰਜਾਬ ਵਿੱਚ ਇੱਕਸਾਰ ਤਕਨੀਕੀ ਮਿਆਰ ਲਾਗੂ ਕੀਤੇ ਗਏ ਹਨ। ਕੰਮ ਦੀ ਨਿਗਰਾਨੀ ਲਈ ਤੀਸਰੇ ਪੱਖ (third party) ਦੇ ਟੈਕਨੋ-ਫਾਇਨੈਂਸ਼ਲ ਆਡੀਟ ਦੀ ਮਦਦ ਲਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਪੈਸੇ ਦੀ ਇੱਕ-ਇੱਕ ਪਾਈ ਦਾ ਹਿਸਾਬ ਰੱਖਿਆ ਜਾ ਰਿਹਾ ਹੈ ਤਾਂ ਜੋ ਪੇਂਡੂ ਪੰਜਾਬ ਨੂੰ ਵਰਲਡ-ਕਲਾਸ ਬੁਨਿਆਦੀ ਢਾਂਚਾ ਮਿਲ ਸਕੇ।



ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿੱਚ ਸਰਪੰਚਾਂ, ਗ੍ਰਾਮ ਪੰਚਾਇਤਾਂ ਅਤੇ ਸਥਾਨਕ ਖੇਡ ਕਲੱਬਾਂ ਨੂੰ ਵੀ ਅਹਿਮ ਹਿੱਸੇਦਾਰ ਬਣਾਇਆ ਗਿਆ ਹੈ। ਮੰਤਰੀ ਨੇ ਕਿਹਾ ਕਿ ਇਹ ਸਾਰੀਆਂ ਸੰਸਥਾਵਾਂ ਇਸ ਪ੍ਰੋਜੈਕਟ ਵਿੱਚ ਸਿਰਫ਼ ਦਰਸ਼ਕ ਨਹੀਂ ਹਨ, ਸਗੋਂ ਸਾਡੇ ਸਾਥੀ ਹਨ ਜੋ ਪਿੰਡ ਦੇ ਵਿਕਾਸ ਦੀ ਨਿਗਰਾਨੀ ਕਰਨਗੇ।

ਵਿਰੋਧੀ ਧਿਰ ਵੱਲੋਂ ਚੁੱਕੇ ਜਾ ਰਹੇ ਸਵਾਲਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਸੌਂਦ ਨੇ ਕਿਹਾ ਕਿ ਇਮਾਨਦਾਰ ਅਧਿਕਾਰੀਆਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਸਜ਼ਾ ਸਿਰਫ਼ ਉਹਨਾਂ ਨੂੰ ਮਿਲੇਗੀ ਜੋ ਗਲਤ ਰਿਪੋਰਟਿੰਗ ਜਾਂ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣਗੇ। ਅਸੀਂ ਜਵਾਬਦੇਹੀ ਨੂੰ ਵਿਅਕਤੀਗਤ ਨਹੀਂ ਸਗੋਂ ਪ੍ਰਣਾਲੀਗਤ ਬਣਾ ਦਿੱਤਾ ਹੈ।

ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਨੌਜਵਾਨਾਂ ਦੇ ਭਵਿੱਖ ਅਤੇ ਜਨਤਕ ਪੈਸੇ ਦੀ ਸੁਰੱਖਿਆ ਲਈ ਵਚਨਬੱਧ ਹੈ। ਇਹ ਨਵਾਂ ਪੰਜਾਬ ਹੈ, ਜਿੱਥੇ ਖੇਡ ਮੈਦਾਨ ਬਣਨਗੇ ਵੀ ਅਤੇ ਉਹਨਾਂ ਦੇ ਹਰ ਇੰਚ ਦੀ ਨਿਗਰਾਨੀ ਵੀ ਹੋਵੇਗੀ।

# ਪ੍ਰਤਾਪ ਨਗਰ ਵਾਸੀਆਂ ਲਈ ਵੱਡੀ ਰਾਹਤ, ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਥਾਈ ਹੱਲ ਜਾਰੀ : ਮੇਅਰ



ਬਠਿੰਡਾ,25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਪ੍ਰਤਾਪ ਨਗਰ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਦੇ ਹੱਲ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ। ਸ਼ਹਿਰ ਦੇ ਗਤੀਸ਼ੀਲ ਅਤੇ ਹਰਮਨ ਪਿਆਰੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਮੈਡਮ ਪੁਸ਼ਪਾ ਰਾਣੀ ਦੇ ਵਾਰਡ ਅਧੀਨ ਆਉਂਦੀ ਗਲੀ ਨੰਬਰ 1-ਡੀ, ਪ੍ਰਤਾਪ ਨਗਰ ਵਿੱਚ ਲਗਭਗ 10 ਲੱਖ ਰੁਪਏ ਦੀ ਲਾਗਤ ਨਾਲ ਇੱਕ ਨਵੇਂ ਪਾਣੀ ਪਾਈਪਲਾਈਨ ਪ੍ਰੋਜੈਕਟ ਦਾ ਉਦਘਾਟਨ ਕੀਤਾ।

ਇਸ ਦੌਰਾਨ ਸ੍ਰੀ ਵਿਪਨ ਮਿੱਤੂ, ਵਿਕਾਸ ਕੌਸ਼ਲ, ਗੁਰਸੇਵਕ ਸਿੰਘ, ਸੁਭਾਸ਼ ਸ਼ਰਮਾ, ਗੋਬਿੰਦ ਅਗਰਵਾਲ, ਕੁਲਦੀਪ ਸਿੰਘ, ਸਰਦਾਰ ਸੋਢੀ, ਤਾਂਗੜੀ ਅਤੇ ਸੂਰਜ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

ਇਸ ਮੌਕੇ ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਸਾਫ਼ ਅਤੇ ਲੋੜੀਂਦਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਨਗਰ ਨਿਗਮ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼ਹਿਰ ਦਾ ਕੋਈ ਵੀ ਖੇਤਰ ਬੁਨਿਆਦੀ ਸਹੂਲਤਾਂ ਤੋਂ ਬਿਨਾਂ ਨਹੀਂ ਰਹੇਗਾ ਅਤੇ ਜਨਤਕ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇਗਾ।

ਮੇਅਰ ਨੇ ਕਿਹਾ ਕਿ ਇਸ ਨਵੀਂ ਪਾਈਪ ਲਾਈਨ ਦੇ ਵਿਛਾਉਣ ਨਾਲ ਪ੍ਰਤਾਪ ਨਗਰ ਵਾਸੀਆਂ ਨੂੰ ਸਾਫ਼ ਅਤੇ ਨਿਯਮਤ ਪਾਣੀ ਦੀ ਸਪਲਾਈ ਮਿਲੇਗੀ, ਜਿਸ ਨਾਲ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਦਾ ਸਥਾਈ ਹੱਲ ਮਿਲੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕੰਮ ਨੂੰ ਨਿਰਧਾਰਤ ਸਮਾਂ ਸੀਮਾ ਅਤੇ ਗੁਣਵੱਤਾ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਐਨ.ਡੀ.ਐਮ.ਸੀ. ਵੱਲੋਂ ਇਤਿਹਾਸਕ ਸਿੱਖ ਧਾਰਮਿਕ ਸਥਾਨਾਂ ਦੇ ਵਿਕਾਸ ਤੇ ਸੁੰਦਰਤਾ ਲਈ ਵਿਚਾਰ-ਵਟਾਂਦਰਾ



ਨਵੀਂ ਦਿੱਲੀ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਦੱਸਿਆ ਕਿ ਇੱਥੇ ਨਵੀਂ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਕੇਸ਼ਵ ਚੰਦਰ ਨਾਲ ਡੀਐਸਜੀਐਮਸੀ ਦੇ ਇਕ ਵਫ਼ਦ ਨਾਲ ਮੀਟਿੰਗ ਹੋਈ। ਸਰਦਾਰ ਕਾਲਕਾ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਰਾਸ਼ਟਰੀ ਰਾਜਧਾਨੀ ਵਿੱਚ ਸਥਿਤ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ ਅਤੇ ਹੋਰ ਇਤਿਹਾਸਕ ਸਿੱਖ ਗੁਰਦੁਆਰਿਆਂ ਦੇ ਸਮੂਹਿਕ ਵਿਕਾਸ, ਸੁਧਾਰ ਅਤੇ ਸੁੰਦਰਤਾ ਸਬੰਧੀ ਕੰਮਾਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਡੀਐਸਜੀਐਮਸੀ ਅਤੇ ਐਨ.ਡੀ.ਐਮ.ਸੀ. ਵੱਲੋਂ ਇਸ ਗੱਲ 'ਤੇ ਸਾਂਝੀ ਸਹਿਮਤੀ ਨਾਲ ਵਿਚਾਰ ਵਟਾਂਦਰਾ ਹੋਇਆ ਕਿ ਪਵਿੱਤਰ ਧਾਰਮਿਕ ਸਥਾਨਾਂ ਦੀ ਆਤਮਿਕ ਪਵਿੱਤਰਤਾ, ਇਤਿਹਾਸਕ ਵਿਰਾਸਤ ਅਤੇ ਧਾਰਮਿਕ ਮਰਿਆਦਾ ਨੂੰ ਬਰਕਰਾਰ ਰੱਖਦੇ ਹੋਏ ਸੰਗਤਾਂ ਅਤੇ ਦਰਸ਼ਨਾਰਥੀਆਂ ਦੀ ਸਹੂਲਤਾਂ ਲਈ ਨਾਗਰਿਕ ਸਹੂਲਤਾਂ ਅਤੇ ਢਾਂਚਾਗਤ ਵਿਕਾਸ ਨੂੰ ਬਿਹਤਰ ਬਣਾਇਆ ਜਾਵੇ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਸਤਾਵਿਤ ਉਪਰਾਲਿਆਂ ਦਾ ਮੁੱਖ ਮੰਤਵ ਸਫ਼ਾਈ, ਹਰਿਆਵਲੀ, ਰੋਸ਼ਨੀ ਪ੍ਰਬੰਧ, ਪੈਦਲ ਆਵਾਜਾਈ ਅਤੇ ਕੁੱਲ ਸੁੰਦਰਤਾ ਵਿੱਚ ਸੁਧਾਰ ਕਰਨਾ ਹੈ, ਬਿਨਾਂ ਇਨ੍ਹਾਂ ਪਵਿੱਤਰ ਅਸਥਾਨਾਂ ਦੀ ਮਰਿਆਦਾ ਅਤੇ ਧਾਰਮਿਕ ਆਤਮਾ ਨਾਲ ਕੋਈ ਸਮਝੌਤਾ ਕੀਤੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਗੁਰਦੁਆਰੇ ਸਿਰਫ਼ ਸਿੱਖ ਸਮਾਜ ਦੇ ਆਤਮਿਕ ਕੇਂਦਰ ਹੀ ਨਹੀਂ, ਸਗੋਂ ਭਾਰਤ ਦੇ ਵਿਸ਼ਾਲ ਇਤਿਹਾਸਕ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਦੇ ਮਹੱਤਵਪੂਰਨ ਪ੍ਰਤੀਕ ਵੀ ਹਨ। ਐਨ.ਡੀ.ਐਮ.ਸੀ. ਦੇ ਚੇਅਰਮੈਨ ਸ੍ਰੀ ਕੇਸ਼ਵ ਚੰਦਰ ਨੇ ਪੂਰੇ ਸਹਿਯੋਗ ਦਾ ਭਰੋਸਾ ਦਿੰਦਿਆਂ ਕਿਹਾ ਕਿ ਨਵੀਂ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਡੀਐਸਜੀਐਮਸੀ ਨਾਲ ਨੇੜਲੇ ਸਹਿਯੋਗ ਰਾਹੀਂ ਇਤਿਹਾਸਕ ਗੁਰਦੁਆਰਿਆਂ ਦੇ ਆਲੇ-ਦੁਆਲੇ ਯੋਜਨਾਬੱਧ, ਸੰਵੇਦਨਸ਼ੀਲ ਅਤੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਸਰਦਾਰ ਕਾਲਕਾ ਨੇ ਇਸ ਮੀਟਿੰਗ ਨੂੰ ਬਹੁਤ ਹੀ ਸਕਾਰਾਤਮਕ ਅਤੇ ਰਚਨਾਤਮਕ ਦੱਸਦਿਆਂ ਕਿਹਾ ਕਿ ਨਾਗਰਿਕ ਪ੍ਰਸ਼ਾਸਨ ਅਤੇ ਧਾਰਮਿਕ ਸੰਸਥਾਵਾਂ ਦਰਮਿਆਨ ਇਸ ਤਰ੍ਹਾਂ ਦਾ ਸਹਿਯੋਗ ਸੰਗਤਾਂ ਦੇ ਅਨੁਭਵ ਨੂੰ ਹੋਰ ਬਿਹਤਰ ਬਣਾਉਣ ਦੇ ਨਾਲ-ਨਾਲ ਦਿੱਲੀ ਦੇ ਇਤਿਹਾਸਕ ਸਿੱਖ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਅਤੇ ਵਿਰਾਸਤ ਦੀ ਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ।

# ਆਗਾਮੀ ਚੋਣਾਂ ਵਿਚ ਪਾਰਟੀ ਵੱਲੋਂ 40 ਫੀਸਦੀ ਟਿਕਟਾਂ ਨੌਜਵਾਨਾਂ ਨੂੰ ਅਤੇ 35 ਫੀਸਦੀ ਟਿਕਟਾਂ ਔਰਤਾਂ ਨੂੰ ਦਿੱਤੀਆਂ ਜਾਣਗੀਆਂ: ਗਿਆਨੀ ਹਰਪ੍ਰੀਤ ਸਿੰਘ



ਗੁਰਦਾਸਪੁਰ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਸਰਗਰਮੀਆਂ ਤੇਜ਼ ਕਰਦਿਆਂ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਵੱਡਾ ਐਲਾਨ ਕੀਤਾ ਹੈ। ਗੁਰਦਾਸਪੁਰ ਦੇ ਹਲਕਾ ਕਲਾਨੌਰ ਵਿਖੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਐਲਾਨ ਕੀਤਾ ਕਿ ਆਗਾਮੀ ਚੋਣਾਂ ਵਿਚ ਪਾਰਟੀ ਵੱਲੋਂ 40 ਫੀਸਦੀ ਟਿਕਟਾਂ ਨੌਜਵਾਨਾਂ ਨੂੰ ਅਤੇ 35 ਫੀਸਦੀ ਟਿਕਟਾਂ ਔਰਤਾਂ ਨੂੰ ਦਿੱਤੀਆਂ ਜਾਣਗੀਆਂ। ਪਾਰਟੀ ਦੀ ਰਣਨੀਤੀ ਸਪੱਸ਼ਟ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਰਾਜਨੀਤੀ ਵਿਚ ਨੌਜਵਾਨ ਚਿਹਰਿਆਂ ਨੂੰ ਅੱਗੇ ਲੈ ਕੇ ਆਉਣਗੇ। ਉਨ੍ਹਾਂ ਇਹ ਵੀ ਵਿਸ਼ੇਸ਼ ਤੌਰ 'ਤੇ ਕਿਹਾ ਕਿ ਜਿਹੜੇ ਲੋਕ ਹਾਸ਼ੀਏ 'ਤੇ ਧੱਕੇ ਗਏ ਹਨ, ਉਨ੍ਹਾਂ ਨੂੰ ਵੀ ਅੱਗੇ ਲਿਆਂਦਾ ਜਾਵੇਗਾ ਅਤੇ ਪਾਰਟੀ ਵਿਚ ਹਰ ਇਕ ਦਾ ਮਾਣ ਸਨਮਾਨ ਪੂਰੀ ਤਰ੍ਹਾਂ ਕਾਇਮ ਰੱਖਿਆ ਜਾਵੇਗਾ।

ਅਕਾਲੀ ਦਲ ਪੁਨਰ ਸੁਰਜੀਤ ਵਿਚ ਹਰ ਵਰਗ ਨੂੰ ਪ੍ਰਤੀਨਿਧਤਾ ਦਿੱਤੀ ਜਾਵੇਗੀ। ਟਿਕਟਾਂ ਦੀ ਵੰਡ ਵਿਚ ਪਾਰਦਰਸ਼ਤਾ ਦਾ ਭਰੋਸਾ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਈ ਵੀ ਟਿਕਟ ਮੁੱਲ ਨਹੀਂ ਵੇਚੀ ਜਾਵੇਗੀ। ਟਿਕਟ ਸਿਰਫ਼ ਉਸੇ ਉਮੀਦਵਾਰ ਨੂੰ ਮਿਲੇਗੀ ਜੋ ਲੋਕਾਂ ਲਈ ਦਿਨ-ਰਾਤ ਕੰਮ ਕਰੇਗਾ ਅਤੇ ਜਿਸ ਦੀ ਜਨਤਾ ਵਿਚ ਮਜ਼ਬੂਤ ਪਕੜ ਹੋਵੇਗੀ।

ਉਨ੍ਹਾਂ ਕਿਹਾ ਕਿ ਕਦੇ ਛੋਟੇ ਹੁੰਦੇ ਸੁਣਦੇ ਸੀ ਕਿ ਬਿਹਾਰ ਅਤੇ ਉੱਤਰਪ੍ਰਦੇਸ਼ ਵਰਗੇ ਸੂਬਿਆਂ ਵਿਚ ਗੁੰਡਾਗਰਦੀ ਅਤੇ ਗੈਂਗਸਟਰਾਂ ਦਾ ਰਾਜ ਹੁੰਦਾ ਸੀ ਪਰ ਅੱਜ ਉਹੀ ਹਾਲਾਤ ਪੰਜਾਬ 'ਚ ਬਣ ਚੁੱਕੇ ਹਨ। ਹਰ ਕੋਈ ਦਰਦ ਨੂੰ ਆਪਣੇ ਉਪਰ ਹੰਢਾ ਰਿਹਾ ਹੈ। ਕਦੇ ਕਿਸੇ ਸਿੰਗਰ ਦਾ ਕਦੇ ਕਿਸੇ ਕਬੱਡੀ ਖਿਡਾਰੀ ਦਾ ਜਾਂ ਪੈਸੇ ਪਿੱਛੇ ਕਿਸੇ ਕਾਰੋਬਾਰੀ ਦਾ ਕਤਲ ਹੋ ਰਿਹਾ ਹੈ। ਜਿਹੜੇ ਬਦਲਾਅ ਦੀ ਗੱਲ ਕਰਕੇ ਸੱਤਾ 'ਚ ਆਏ ਸਨ ਜੋ ਕਹਿੰਦੇ ਸਨ ਕਿ ਅਸੀਂ ਵੀ. ਆਈ. ਪੀ ਕਲਚਰ ਦੇ ਖ਼ਿਲਾਫ਼ ਹਾਂ, ਉਹ ਖ਼ੁਦ ਵੀ. ਆਈ. ਪੀ ਬਣੇ ਹੋਏ ਹਨ।

# ਹਾਈਵੇਅ ਸੁਰੱਖਿਆ ਅਤੇ ਆਵਾਜਾਈ ਪ੍ਰਬੰਧਨ ਨੂੰ ਹੋਰ ਬਿਹਤਰ ਬਣਾਉਣ ਲਈ ਆਪਸੀ ਤਾਲਮੇਲ ਕੀਤਾ ਮਜ਼ਬੂਤ



ਚੰਡੀਗੜ੍ਹ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਸੂਬੇ ਦੀਆਂ ਸੜਕਾਂ 'ਤੇ ਸੁਰੱਖਿਅਤ ਮਾਹੌਲ ਅਤੇ ਬਿਹਤਰ ਆਵਾਜਾਈ ਪ੍ਰਬੰਧਨ ਯਕੀਨੀ ਬਣਾਉਣ ਲਈ ਤਕਨਾਲੋਜੀ ਦੀ ਸੁਚੱਜੀ ਵਰਤੋਂ ਕਰਨ ਲਈ ਪੰਜਾਬ ਪੁਲਿਸ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਨੇ ਅੱਜ ਹਾਈਵੇਅ ਸੁਰੱਖਿਆ ਅਤੇ ਲਾਗੂਕਰਨ ਬਾਰੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਉੱਚ-ਪੱਧਰੀ ਤਾਲਮੇਲ ਮੀਟਿੰਗ ਕੀਤੀ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਟ੍ਰੈਫਿਕ ਅਤੇ ਰੋਡ ਸੇਫਟੀ ਪੰਜਾਬ, ਏ.ਐਸ. ਰਾਏ ਅਤੇ ਐਨ.ਐਚ.ਏ.ਆਈ. ਚੰਡੀਗੜ੍ਹ ਦੇ ਰੀਜਨਲ ਅਫਸਰ ਰਾਕੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੌਜੂਦਾ ਅਤੇ ਆਉਣ ਵਾਲੇ ਹਾਈਵੇਅ ਕੋਰੀਡੋਰਾਂ, ਜਿਸ ਵਿੱਚ ਨਵਾਂ ਚਾਲੂ ਕੀਤਾ ਗਿਆ ਕੁਰਾਲੀ-ਖਰੜ-ਮੋਹਾਲੀ ਬਾਈਪਾਸ ਵੀ ਸ਼ਾਮਲ ਹੈ, 'ਤੇ ਐਡਵਾਂਸਡ ਟ੍ਰੈਫਿਕ ਮੈਨੇਜਮੈਂਟ ਸਿਸਟਮ (ਏ.ਟੀ.ਐਮ.ਐਸ.) ਦੀ ਪ੍ਰਭਾਵੀ ਵਰਤੋਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਸਪੈਸ਼ਲ ਡੀਜੀਪੀ ਏ.ਐਸ. ਰਾਏ ਨੇ ਦੱਸਿਆ ਕਿ ਦੋਵਾਂ ਏਜੰਸੀਆਂ ਨੇ ਅਸਲ-ਸਮੇਂ ਦੀ ਨਿਗਰਾਨੀ, ਆਟੋਮੈਟਿਕ ਵਾਇਓਲੇਸ਼ਨ ਡਿਟੈਕਸ਼ਨ ਅਤੇ ਦੁਰਘਟਨਾ ਵਾਲੀ ਥਾਂ 'ਤੇ ਫੌਰੀ ਪ੍ਰਤੀਕਿਰਿਆ ਲਈ ਏ.ਟੀ.ਐਮ.ਐਸ. ਡੇਟਾ ਨਾਲ ਇਨਫੋਰਸਮੈਂਟ ਪ੍ਰੋਟੋਕੋਲ ਨੂੰ ਏਕੀਕ੍ਰਿਤ ਕਰਨ 'ਤੇ ਚਰਚਾ ਕੀਤੀ ਗਈ।

# ਟਰੈਫਿਕ ਪੁਲਿਸ ਸੁਨਾਮ ਵੱਲੋਂ ਰੋਡ ਸੇਫਟੀ ਸੈਮੀਨਾਰ ਲਗਾਇਆ

ਸੰਗਰੂਰ, 25 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਟਰੈਫਿਕ ਪੁਲਿਸ ਸੁਨਾਮ ਦੇ ਏਐਸਆਈ ਨਿਰਭੈ ਸਿੰਘ ਟਰੈਫਿਕ ਇੰਚਾਰਜ ਸੁਨਾਮ ਵੱਲੋਂ ਅੱਜ ਜੈ ਸ਼ੰਕਰ ਕਾਰਗੋ ਯੂਨੀਅਨ ਸੁਨਾਮ ਵਿਖੇ ਰੋਡ ਸੇਫਟੀ ਸੈਮੀਨਾਰ ਲਗਾਇਆ ਗਿਆ, ਇਹ ਸੈਮੀਨਾਰ ਰਾਸ਼ਟਰੀ ਪੱਧਰ ਤੇ ਮਨਾਏ ਜਾ ਰਹੇ 37ਵੇਂ ਸੜਕ ਸੁਰੱਖਿਆ ਮਹੀਨੇ ਤਹਿਤ ਲਗਾਇਆ ਗਿਆ।

ਇਸ ਮੌਕੇ ਪੰਕਜ ਅਰੋੜਾ ਰੋਡ ਸੇਫਟੀ ਐਡਵਾਈਜਰ ਨੇ ਡਰਾਈਵਰਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਸਾਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਸ ਦੌਰਾਨ ਚਾਲਕਾਂ ਵੱਲੋਂ ਕੀਤੀਆਂ ਜਾ ਰਹੀਆਂ ਗਲਤੀਆਂ ਬਾਰੇ ਵੀ ਦੱਸਿਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਸੜਕਾਂ ਤੇ ਰਸਤੇ ਬਣਾ ਕੇ ਸ਼ਾਟਕ ਲਗਾਉਣਾ ਲਾਪਰਵਾਹੀ ਵਰਤਣਾ, ਬਿਨਾਂ ਹੈਲਮਟ ਦੇ ਚਲਾਉਣਾ ਰੈਡ ਲਾਈਟ ਜੰਪ ਅਤੇ ਡਰਾਈਵਿੰਗ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰਨਾ ਸ਼ਾਮਲ ਹੈ।

ਇਸ ਸਮੇਂ ਏਐਸਆਈ ਨਿਰਭੈ ਸਿੰਘ ਨੇ ਅਪੀਲ ਕੀਤੀ ਕਿ ਉਹ ਸੜਕ ਤੇ ਚਲਦੇ ਸਮੇਂ ਸੜਕ ਸੁਰੱਖਿਆ ਦੀ ਨਿਯਮਾਂ ਦੀ ਪਾਲਣਾ ਕਰਨ। ਇਸ ਮੌਕੇ ਏਐਸਆਈ ਦਿਲਬਾਗ ਸਿੰਘ, ਹੌਲਦਾਰ ਪਰਮਿੰਦਰ ਸਿੰਘ, ਟਰੈਫਿਕ ਮਾਰਸ਼ਲ ਸੁਨੀਲ ਕੁਮਾਰ ਅਤੇ ਸੁਖਦੇਵ ਸਿੰਘ ਭੱਟੀ ਹਾਜ਼ਰ ਸਨ।

# ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਦੇਸ਼ ਵਾਸੀ

ਦੇਸ਼ ਵਾਸੀ ਇਸ ਵਾਰ 76ਵਾਂ ਗਣਤੰਤਰ ਦਿਵਸ ਮਨਾ ਰਹੇ ਹਨ। ਭਾਰਤ ਦੇਸ਼ ਦਾ ਆਪਣਾ ਸੰਵਿਧਾਨ ਜਿਸਨੂੰ ਲਿੱਖਣ ਵਿੱਚ ਦੋ ਸਾਲ ਗਿਆਰਾਂ ਮਹੀਨੇ ਤੇ ਅਠਾਰਾਂ ਦਿਨਾਂ ਦਾ ਸਮਾਂ ਲੱਗਾ। ਇਹ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਸੀ ਤੇ 26 ਜਨਵਰੀ 1950 ਨੂੰ ਲਾਗੂ ਹੋਇਆ ਸੀ।ਦੂਜੇ ਦੇਸ਼ ਜਿਵੇਂ ਅਮਰੀਕਾ, ਆਸਟਰੇਲੀਆਂ, ਫਰਾਂਸ, ਕੈਨੇਡਾ, ਜਪਾਨ, ਜਰਮਨ, ਅਫਰੀਕਾ ਵਰਗੇ ਦੇਸ਼ਾਂ ਦੇ ਸੰਵਿਧਾਨ ਨੂੰ ਪੜ ਕੇ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਦਕਰ ਨੇ ਸੰਵਿਧਾਨ ਲਿੱਖਣ ਦਾ ਇਹ ਕੰਮ ਨੇਪਰੇ ਚਾੜ੍ਹਿਆ। ਪੰਡਿਤ ਜਵਾਹਰ ਲਾਲ ਨਹਿਰੂ, ਡਾ. ਰਜਿੰਦਰ ਪ੍ਰਸਾਦ, ਪਟੇਲ ਤੇ ਕਲਾਮ ਨੇ ਆਪਣੀ ਪ੍ਰਵਾਨਗੀ ਦੀ ਮੋਹਰ ਲਾਈ ਸੀ। ਸੰਵਿਧਾਨ ਵਿੱਚ ਹਰ ਵਰਗ ਦੇ ਨਾਗਰਿਕ ਦਾ ਖਿਆਲ ਰੱਖਿਆ ਗਿਆ।ਸੰਵਿਧਾਨ ਦੀ ਧਾਰਾ 15 ਜੋ ਮੌਲਿਕ ਹੱਕਾਂ ਦੀ ਗੱਲ ਕਰਦੀ ਹੈ ਕਿ ਸਮੇਂ ਦੀ ਹਕੂਮਤ ਦੇਸ਼ ਦੇ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ, ਨਸਲ ਤੇ ਲਿੰਗ ਤੇ ਭੇਦ-ਭਾਵ ਨਹੀ ਕਰੇਗੀ। ਦੇਸ਼ ਦੀ ਅਜ਼ਾਦੀ ਤੋਂ ਬਾਦ ਕਈ ਸਰਕਾਰਾਂ ਆਈਆਂ ਤੇ ਕਈ ਚਲੀਆਂ ਗਈਆਂ।26 ਜਨਵਰੀ 1950 ਨੂੰ ਭਾਰਤ ਦੇਸ਼ ਦਾ ਸੰਵਿਧਾਨ ਲਾਗੂ ਵੀ ਹੋ ਗਿਆ।ਅੱਜ ਦੇਸ਼ ਵਿੱਚ 68ਵਾਂ ਗਣਤੰਤਰ ਦਿਵਸ ਵੀ ਮਨਾਇਆ ਜਾ ਰਿਹਾ ਹੈ। ਦੇਸ਼ ਦੀ ਹਾਲਤ ਕੋਈ ਬਹੁਤੀ ਸੁਧਰੀ ਨਜ਼ਰ ਨਹੀ ਆਉਂਦੀ। ਅੱਜ ਵੀ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਨਜ਼ਰ ਆ ਰਹੀਆਂ ਹਨ। ਇਸ ਦੇਸ਼ ਵਿੱਚ ਅਮੀਰ ਹੋਰ ਅਮੀਰ ਹੋਇਆ ਤੇ ਗਰੀਬ ਹੋਰ ਗਰੀਬੀ ਦੀ ਦਲਦਲ ਵਿੱਚ ਧੱਸਦਾ ਜਾ ਰਿਹਾ ਹੈ। ਅੱਜ ਵੀ ਕੂੜੇ ਦੇ ਢੇਰਾਂ ਵਿੱਚੋਂ ਰੋਜ਼ੀ ਰੋਟੀ ਤਲਾਸ਼ਦੇ ਕਈ ਗਰੀਬ ਬੱਚੇ ਨਜ਼ਰੀਂ ਪੈਂਦੇ ਹਨ।ਸਭ ਤੋਂ ਵੱਡੀ ਚੁਣੋਤੀ ਇਸ ਵਕਤ ਦੇਸ਼ ਦੀ ਬੜੀ ਹੀ ਤੇਜ਼ੀ ਨਾਲ ਵੱਧਦੀ ਅਬਾਦੀ ਹੈ ਜੇ ਇਸ ਤੇ ਰੋਕ ਨਾ ਲਾਈ ਗਈ ਤਾਂ ਆਪਾਂ ਸਾਰੇ ਭਿਆਨਕ ਨਤੀਜੇ ਭੁਗਤਣ ਲਈ ਤਿਆਰ ਰਹੀਏ। ਸੰਨ 1947 ਵਿੱਚ ਦੇਸ਼ ਦੀ ਅਬਾਦੀ 35 ਕਰੋੜ ਦੇ ਕਰੀਬ ਸੀ ਜੋ ਵੱਧਦੀ-ਵੱਧਦੀ ਹੁਣ ਤੱਕ 150 ਕਰੋੜ ਦੇ ਕਰੀਬ ਪਹੁੰਚ ਗਈ ਹੈ। ਜੇ ਇਸੇ ਤਰ੍ਹਾਂ ਅਬਾਦੀ ਵੱਧਦੀ ਚਲੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਰਹਿਣ ਲਈ ਘਰ, ਖਾਣ ਲਈ ਰੋਟੀ, ਪੀਣ ਲਈ ਪਾਣੀ ਤੇ ਹੋਰ ਜਰੂਰੀ ਵਸਤਾਂ ਦੀ ਪ੍ਰਾਪਤੀ ਲਈ ਤਰਸਣਾ ਪਵੇਗਾ। ਵੱਧਦੀ ਅਬਾਦੀ ਚਿੰਤਾ ਦਾ ਵਿਸ਼ਾ ਹੈ। ਹੋਰ ਸਮੱਸਿਆਵਾਂ ਵਿੱਚ ਖਾਸ ਕਰ ਪੰਜਾਬ ਅੰਦਰ ਪੰਜ ਦਰਿਆਵਾਂ ਤੋਂ ਇਲਾਵਾ ਨਸ਼ੇ ਦਾ ਛੇਵਾਂ ਦਰਿਆ ਵੀ ਵਗ ਰਿਹਾ ਹੈ। ਨਸ਼ਿਆਂ ਦੀ ਦਲਦਲ ਵਿੱਚ ਧੱਸ ਕੇ ਦੇਸ਼ ਪੰਜਾਬ ਦੀ ਨੌਜਵਾਨੀ (ਮੁੰਡੇ-ਕੁੜੀਆਂ) ਬਰਬਾਦ ਹੋ ਗਈ ਹੈ। ਨੌਜਵਾਨ ਨਿਪੁੰਨਸਕ ਹੋ ਰਹੇ।ਇੱਕ ਚੈਨਲ ਮੁਤਾਬਿਕ ਐਨ. ਬੀ. ਪੀ. ਟੀ. ਸੀ ਦੀ ਰਿਪੋਟ ਮੁਤਾਬਿਕ ਪੰਜਾਬ ਵਿੱਚ ਹਰ ਹਫਤੇ ਘੱਟੋ-ਘੱਟ ਇੱਕ ਵਿਅਕਤੀ ਦੀ ਮੌਤ ਡਰੱਗਜ਼ ਦਾ ਨਸ਼ਾ ਲੈਣ ਨਾਲ ਹੋ ਰਹੀ ਹੈ। ਪੰਜਾਬ ਵਿੱਚ ਹਰ ਸਾਲ 7500 ਕਰੋੜ ਦੀ ਡਰੱਗਜ਼ ਦੀ ਖਪਤ ਹੋ ਰਹੀ ਹੈ। ਇਸ ਵਿੱਚੋਂ 6500 ਕਰੋੜ ਦੀ ਹੈਰੋਇਨ ਹੈ ਜੋ ਕਿ ਪਾਕਿਸਤਾਨ ਬਾਰਡਰ ਤੋਂ ਸਿੱਧੀ ਭਾਰਤ ਪਹੁੰਚਦੀ ਹੈ।ਪੰਜਾਬ ਦੀ ਜਨ-ਸੰਖਿਆ 2 ਕਰੋੜ 77 ਲੱਖ ਹੈ। ਪੰਜਾਬ ਵਿੱਚ 8 ਲੱਖ 60 ਹਜ਼ਾਰ ਲੋਕ ਅਫੀਮ ਦਾ ਨਸ਼ਾ ਖਾਣ ਦੇ ਆਦੀ ਹਨ। ਪੰਜਾਬ ਵਿੱਚ 1 ਲੱਖ 23 ਹਜ਼ਾਰ ਹੈਰੋਇਨ ਦਾ ਨਸ਼ਾ ਲੈਣ ਦੇ ਆਦੀ ਹਨ। ਪੰਜਾਬ ਵਿੱਚ ਡਰੱਗਜ਼ ਦਾ ਇੰਜ਼ੈਕਸ਼ਨ ਲੈਣ ਵਾਲੇ 75 ਹਜ਼ਾਰ ਨਸ਼ਈ ਹਨ। ਅਠਾਰਾਂ ਸਾਲ ਤੋਂ 35 ਸਾਲ ਦੇ ਹਰ 100 ਚੋਂ 15 ਲੋਕ ਨਸ਼ੇ ਦੇ ਆਦੀ ਹਨ। ਡਰੱਗਜ਼ ਖ੍ਰੀਦਣ ਲਈ ਪੰਜਾਬ ਵਿੱਚ ਹਰ ਰੋਜ਼ 20 ਕਰੋੜ ਰੁਪਏ ਖਰਚ ਹੁੰਦੇ ਹਨ। ਹੈਰੋਇਨ ਲੈਣ ਵਾਲਾ ਹਰ ਨਸ਼ਈ ਹਰ ਰੋਜ਼ ਨਸ਼ੇ ਤੇ 1400 ਰੁ: ਖਰਚ ਕਰਦਾ ਹੈ। ਰਿਪੋਟ ਅਨੁਸਾਰ ਪੰਜਾਬ ਦੇ ਅੱਸੀ ਫੀਸਦੀ ਨਸ਼ੇ ਕਰਨ ਵਾਲੇ ਲੋਕ ਇਸ ਦਲਦਲ ਵਿੱਚੋਂ ਨਿਕਲਣਾ ਚਾਹੁੰਦੇ ਹਨ, ਜਦ ਕਿ 35 ਫੀਸਦੀ ਡਰੱਗਜ਼ ਦੇ ਨਸ਼ੱਈਆਂ ਨੂੰ ਮਦਦ ਦੀ ਜਰੂਰਤ ਹੈ।ਇਹ ਤਾਂ ਦੋ-ਚਾਰ ਗਿਣਤੀ ਦੇ ਨਸ਼ਿਆਂ ਦੀ ਗੱਲ ਹੈ। ਨਸ਼ਈ ਹੋਰ ਵੀ ਬਹੁਤ ਕਿਸਮ ਦੇ ਨਸ਼ੇ ਕਰਦੇ ਹਨ, ਤੁਸੀ ਸੂਝਵਾਨ ਹੋ। ਅੰਦਾਜ਼ਾ ਖੁਦ ਲਗਾ ਸਕਦੇ ਹਨ।ਇਸ ਨਾਲ ਪੰਜਾਬ ਵਿੱਚ ਗੈਂਗਸਟਰਾਂ ਦਾ ਵੱਧਣਾ ਵੀ ਚਿੰਤਾ ਦਾ ਵਿਸ਼ਾ ਹੈ।ਨਸ਼ੇ ਦੀ ਪੂਰਤੀ ਲਈ ਇਹ ਲੋਕ ਦਿਨ-ਦਿਹਾੜੇ ਗੁੰਡਾਗਰਦੀ ਕਰਨ ਤੋਂ ਗੁਰੇਜ਼ ਨਹੀ ਕਰਦੇ। ਸਰਕਾਰੀ ਸ਼ਹਿ ਪ੍ਰਾਪਤ ਇਹ ਗੁੰਡੇ ਸ਼ਰੇਆਮ ਸੜ੍ਹਕਾਂ ਤੇ ਗੋਲੀਆਂ ਚਲਾਉਂਦੇ ਵੱਡੀਆਂ-ਵੱਡੀਆਂ ਵਾਰਦਾਤਾਂ ਨੂੰ ਸ਼ਰੇਆਮ ਅੰਜ਼ਾਮ ਦੇ ਰਹੇ ਹਨ।ਆਮ ਨਾਗਰਿਕ ਦਾ ਜੀਣਾ ਮੁਹਾਲ ਹੋਇਆ ਪਿਆ ਹੈ। ਲੋੜ ਤਾਂ ਇਹ ਸੀ ਕਿ ਸਰਕਾਰਾਂ ਨਸ਼ਿਆਂ ਦੀ ਥਾਂ ਤੇ ਰੋਜ਼ਗਾਰ ਪੈਦਾ ਕਰਦੀਆਂ। ਦੇਸ਼ ਵਿੱਚ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ ਜਿਵੇਂ, ਭੁੱਖਮਰੀ ਦੀ ਸਮੱਸਿਆ, ਬੇਰੁਜ਼ਗਾਰੀ ਦੀ ਸਮੱਸਿਆ, ਬਿਜਲੀ ਦਾ ਸੰਕਟ ਅਜੇ ਬਹੁਤ ਸਾਰੇ ਇਲਾਕੇ ਐਸੇ ਹਨ, ਜਿੱਥੇ ਬਿਜਲੀ ਪਹੁੰਚੀ ਹੀ ਨਹੀ ਹੈ।ਉਧਰ ਪ੍ਰਧਾਨ ਮੰਤਰੀ ਜੀ ਸਮਰਾਟ ਇੰਡੀਆਂ, ਡਿਜ਼ੀਟਲ ਇੰਡੀਆਂ ਦੀ ਗੱਲ ਕਰਦੇ ਨਹੀ ਥੱਕਦੇ।ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ, ਹਵਾ ਪਾਣੀ ਧਰਤੀ ਪ੍ਰਦੂਸ਼ਿਤ ਹੋ ਰਹੇ ਹਨ, ਗਰੀਬ ਐਜ਼ੂਕੇਸ਼ਨ ਤੋਂ ਵਾਞਾਂ ਰਹਿ ਗਿਆ ਹੈ। ਮੈਡੀਕਲ ਸਹੂਲਤ ਨਹੀ ਮਿਲ ਰਹੀ।ਪੀਣ ਲਈ ਸ਼ੁੱਧ ਪਾਣੀ ਨਹੀ ਮਿਲ ਰਿਹਾ। ਹਰ ਸ਼ਹਿਰ, ਹਰ ਕਸਬੇ ਵਿੱਚ ਟਰੈਫਿਕ ਦੀ ਸਮੱਸਿਆ ਹੈ।ਘੰਟਿਆਂਬੱਧੀ ਟਰੈਫਿਕ ਵਿੱਚ ਫਸੇ ਰਹਿਣਾ ਪੈਂਦਾ ਹੈ।ਦੇਸ਼ ਦਾ ਅੰਨ ਦਾਤਾ ਕਿਸਾਨ ਬਹੁਤ ਮੁਸ਼ਕਿਲ ਵਿੱਚ ਹੈ। ਕਿਸਾਨਾਂ ਨੂੰ ਫਸਲਾਂ ਦਾ ਵਾਜ਼ਿਬ ਰੇਟ ਨਹੀ ਮਿਲ ਰਿਹਾ।ਖੇਤੀਬਾੜੀ ਦੇ ਖਰਚੇ ਬਹੁਤ ਵੱਧ ਗਏ ਹਨ ਤੇ ਮੁਨਾਫਾ ਨਾ-ਮਾਤਰ ਰਹਿ ਗਿਆ ਹੈ, ਜਿਸ ਕਾਰਨ ਕਿਸਾਨ ਕਰਜ਼ੇ ਦੀ ਮਾਰ ਨਾ ਝੱਲਦਾ ਹੋਇਆ, ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ। ਪੁੱਤਾਂ ਵਰਗੀ ਪਾਲੀ ਫਸਲ ਨੂੰ ਸੜਕਾਂ ਤੇ ਸੁੱਟਣ ਲਈ ਮਜ਼ਬੂਰ ਹੈ।ਕਿਸਾਨਾਂ ਸਮੇਤ ਦੇਸ਼ ਦਾ ਹਰ ਆਮ ਨਾਗਰਿਕ ਪੈਸੇ-ਪੈਸੇ ਲਈ ਮੁਹਤਾਜ ਹੈ। ਸੱਤਾ ਤੇ ਕਾਬਜ਼ ਇੰਨ੍ਹਾਂ ਸੱਤਾਧਾਰੀਆਂ ਦੇ ਆਏ ਦਿਨ ਹਜ਼ਾਰਾਂ ਲੱਖਾਂ ਕਰੋੜਾਂ ਰੁਪਿਆਂ ਦੇ ਘੁਟਾਲਿਆਂ ਦਾ ਪਰਦਾਫਾਸ਼ ਹੋ ਰਿਹਾ ਹੈ।ਸਜ਼ਾ ਕਿਸੇ ਨੂੰ ਨਹੀ, ਸਭ ਐਸ਼ ਕਰ ਰਹੇ ਹਨ।ਪਿਛਲੇਂ ਦਿਨੀਂ ਨੋਟਬੰਦੀ ਦਾ ਡਰਾਮਾ ਕਰਕੇ ਕਾਲੇ ਧੰਨ ਦਾ ਪਤਾ ਲਗਾਉਣ ਦੀ ਪ੍ਰਧਾਨ ਮੰਤਰੀ ਨੇ ਗੱਲ ਕਹੀ, ਪਰ ਕੋਈ ਬਹੁਤੀ ਸਫਲਤਾ ਹੱਥ ਨਹੀ ਲੱਗੀ।ਏ.ਟੀ.ਐਮ ਤੇ ਬੈਂਕਾਂ ਵਿੱਚ ਆਪਣੇ ਹੀ ਰੁਪਏ ਲੈਣ ਲਈ ਕੋਈ ਅਮੀਰ ਨਹੀ, ਬਲਕਿ ਗਰੀਬ ਹੀ ਰਾਤ ਦਿਨ ਖੜੇ ਨਜ਼ਰ ਆਏ।ਆਪਣੇ ਹੱਕਾਂ ਦੀ ਪ੍ਰਾਪਤੀ ਲਈ ਦੇਸ਼ ਦੇ ਲੋਕ ਸੜਕਾਂ ਤੇ ਧਰਨੇ ਲਾ ਰਹੇ ਹਨ। ਥਾਂ-ਥਾਂ ਤੇ ਰੈਲੀਆਂ ਕਰ ਰਹੇ ਹਨ। ਮੁਜ਼ਾਹਰੇ ਕਰ ਰਹੇ ਹਨ। ਨੌਕਰੀਆਂ ਪ੍ਰਾਪਤ ਕਰਨ ਲਈ ਟੈਂਕੀਆਂ ਤੇ ਚੜ੍ਹ ਰਹੇ ਹਨ।ਉਹਨਾਂ ਨੂੰ ਸਰਕਾਰੀ ਜ਼ਬਰ ਦਾ ਸਾਹਮਣਾ ਕਰਨਾ ਪਿਆ।ਪੁਲਿਸ ਦੀਆਂ ਡਾਗਾਂ ਖਾਣੀਆ ਪਈਆਂ। ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।ਉਹਨਾਂ ਦੀ ਅਵਾਜ਼ ਨੂੰ ਦਬਾਉਣ ਦੀ ਹਰ ਕੋਸ਼ਿਸ਼ ਕੀਤੀ ਗਈ।ਲੋੜ ਸੀ ਦੇਸ਼ ਵਿੱਚ ਸਭ ਤੋਂ ਪਹਿਲਾ ਰੋਜ਼ਗਾਰ ਪੈਦਾ ਕਰਨ ਦੀ, ਪਰ ਕਿਸੇ ਵੀ ਸਰਕਾਰ ਨੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਨਹੀ ਲਿਆ। ਦੇਸ਼ ਵਿੱਚ ਸੱਤਾ ਤੇ ਕਾਬਜ਼ ਹਾਕਮਾਂ ਨੇ ਜਾਤ-ਪਾਤ ਦੇ ਅਧਾਰ ਤੇ




ਦੇਸ਼ ਵਿੱਚ ਵੰਡੀਆ ਪਾਉਣ ਤੋਂ ਵੀ ਗੁਰੇਜ਼ ਨਹੀ ਕੀਤਾ।ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਜਾਣ-ਬੁੱਝ ਕੇ ਅੜਿੱਕਾ ਡਾਹਿਆ ਗਿਆ।ਪੰਜਾਬ ਅੰਦਰ ਅਕਾਲੀ ਭਾਜਪਾ ਸਰਕਾਰ ਦੇ ਹੁੰਦਿਆਂ ਕੁੱਝ ਪਾਪੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਘੋਰ ਬੇਅਦਬੀ ਕੀਤੀ ਗਈ। ਕਿਸੇ ਦੋਸ਼ੀ ਨੂੰ ਨਹੀ ਫੜਿਆ ਗਿਆ, ਸਗੋਂ ਉਲਟਾ ਸਿੱਖਾਂ ਨੂੰ ਹੀ ਗੋਲੀਆਂ ਮਾਰੀਆਂ ਗਈਆਂ ਜੋ ਸ਼ਾਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਨ ਜੋ ਕਿ ਬਹੁਤ ਸ਼ਰਮ ਦੀ ਗੱਲ ਹੈ।ਸੰਨ 1984 ਦੌਰਾਨ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇੰਨ੍ਹੇ ਸਾਲ ਬੀਤ ਜਾਣ ਦੇ ਬਾਦ ਵੀ ਦੋਸ਼ੀ ਸ਼ਰੇਆਮ ਘੁੰਮ ਰਹੇ ਹਨ।ਦੋਸ਼ੀਆ ਨੂੰ ਕੋਈ ਸਜ਼ਾ ਨਹੀ ਦਿੱਤੀ ਗਈ। ਇਸ ਵਕਤ ਸੱਤਾ ਤੇ ਕਾਬਜ਼ ਹਿੰਦੂਤਵੀ ਤਾਕਤਾਂ ਸ਼ਾਇਦ ਇਹ ਸੋਚ ਰਹੀਆਂ ਹਨ ਕਿ ਸਾਡੀ ਅੱਸੀ ਫੀਸਦੀ ਜਨ-ਸੰਖਿਆ ਹੈ ਤੇ ਭਾਰਤ ਦੇਸ਼ ਤੇ ਰਾਜ ਕਰਨ ਦੇ ਹੱਕਦਾਰ ਸਿਰਫ ਅਸੀਂ ਹੀ ਹਾਂ।ਸਿੱਖਾਂ ਦੀ ਜਨ-ਸੰਖਿਆ ਦੋ ਫੀਸਦੀ ਹੈ, ਪਰ ਇਹ ਹਾਕਮ ਜਾਣ ਲੈਣ ਕਿ ਇਸ ਦੋ ਫੀਸਦੀ ਸਿੱਖਾਂ ਵਿੱਚੋਂ 80 ਤੋਂ 90 ਫੀਸਦੀ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਹਨ। ਪਿਛਲੇਂ ਸਾਲ ਸਿੱਖ ਰੈਜ਼ੀਮੈਂਟ ਨੂੰ ਪਰੇਡ ਵਿੱਚ ਜਾਣ-ਬੁੱਝ ਕੇ ਸ਼ਾਮਿਲ ਨਹੀ ਕੀਤਾ ਗਿਆ। ਕੀ ਇਹ ਸਰਕਾਰਾਂ ਭੁੱਲ ਗਈਆ ਹਨ ਸ੍ਰ. ਜਗਜੀਤ ਸਿੰਘ ਅਰੋੜਾ ਨੂੰ, ਕੀ ਇਹ ਭੁੱਲ ਗਏ ਹਨ ਸ੍ਰ. ਹਰਬਖਸ਼ ਸਿੰਘ ਨੂੰ, ਕੀ ਇਹ ਭੁੱਲ ਗਏ ਹਨ ਕੁਲਦੀਪ ਸਿੰਘ ਚਾਂਦਪੁਰੀ ਨੂੰ, ਕੀ ਸੋਚ ਕੇ ਇਹਨਾਂ ਨੇ ਪਰੇਡ ਵਿੱਚੋਂ ਸਿੱਖ ਰੈਜ਼ੀਮੈਂਟ ਨੂੰ ਬਾਹਰ ਰੱਖਿਆ।ਇਸ ਤਰ੍ਹਾਂ ਸੱਤਾ ਤੇ ਕਾਬਜ਼ ਇਹ ਤਾਕਤਾਂ ਬਹਾਦਰ ਨਹੀ ਬਣ ਸਕਦੀਆਂ। ਬਹਾਦਰ ਬਣਨ ਲਈ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ, ਜੋ ਸ਼ਾਇਦ ਇਹ ਦਮ ਸਿੱਖ ਕੌਮ ਤੋਂ ਇਲਾਵਾ ਹੋਰ ਕਿਸੇ ਵਿੱਚ ਨਹੀ ਹੈ।ਹੁਣ ਫਰਵਰੀ ਵਿੱਚ ਚੋਣਾਂ ਹਨ । ਭਲਮਾਣਸੀ ਦੇ ਮਖੌਟੇ ਪਾ ਕੇ ਇਹ ਲੀਡਰ ਲੋਕ ਤੁਹਾਡੇ ਦੁਆਰਿਆਂ ਤੇ ਹਾੜੇ ਕੱਢਦੇ ਨਜ਼ਰ ਆ ਰਹੇ ਹਨ।ਫੈਸਲਾ ਤੁਸੀ ਕਰਨਾ ਹੈ। ਸੋਚ ਸਮਝ ਕੇ ਆਪਣੀ ਵੋਟ ਦਾ ਇਸਤੇਮਾਲ ਕਰੋ। ਕਿਸੇ ਦੇ ਲਾਲਚ ਵਿੱਚ ਨਾ ਫਸ ਕੇ ਇੱਕ ਇਮਾਨਦਾਰ ਨੇਤਾ ਦੀ ਚੋਣ ਕਰੋ।ਨਹੀ ਤਾਂ ਪੰਜ ਸਾਲ ਲਈ ਤੁਸੀ ਇੰਨ੍ਹਾਂ ਦੇ ਹਾੜੇ ਕੱਢਦੇ ਨਜ਼ਰ ਆਉਗੇ।ਕੁੱਲ ਮਿਲਾ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਸੱਤਾ ਤੇ ਕਾਬਜ਼ ਇਹ ਲੋਕ ਦੇਸ਼ ਦੀ ਤਰੱਕੀ ਮੂਹਰੇ ਮੂੰਹ ਅੱਡੀ ਖੜੀਆਂ, ਇਹ ਗੰਭੀਰ ਚੁਣੋਤੀਆਂ ਦਾ ਹੱਲ ਕਰਨ ਵੱਲ ਤੁਰੰਤ ਧਿਆਨ ਦੇਣ। ਗਣਤੰਤਰ ਦਿਵਸ ਮਨਾਉਣ ਦੇ ਅਸਲੀ ਮਨੋਰਥ ਨੂੰ ਸਮਝਣ ਦੀ ਕੋਸ਼ਿਸ਼ ਕਰਨ।

# ਸਿੱਖ ਤਵਾਰੀਖ਼ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਲਾਸਾਨੀ ਯੋਗਦਾਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਨੇ ਹਿੰਦੋਸਤਾਨ ਅਤੇ ਹੱਕ-ਸੱਚ ਦੀ ਰਾਖੀ ਲਈ ਜੋ ਸੁਨਹਿਰੀ ਇਤਿਹਾਸ ਰਚਿਆ ਹੈ, ਇਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ। ਅਮਨ-ਸ਼ਾਂਤੀ ਦੇ ਸਮੇਂ ਤਾਂ ਧਰਮ ਦੇ ਰਾਖੇ ਬਣ ਬੈਠਣਾ ਕੋਈ ਵੱਡੀ ਗੱਲ ਨਹੀਂ ਹੁੰਦੀ, ਸੁਆਦ ਤਾਂ ਉਸ ਸਮੇਂ ਰਾਖੇ ਬਣਨ ਦਾ ਹੁੰਦਾ ਹੈ, ਜਦੋਂ ਹੱਕ-ਸੱਚ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੋਵੇ ਤੇ ਧਰਮ ਦਾ ਨਾਂ ਲੈਣਾ ਵੀ ਜ਼ੁਲਮ ਸਮਝਿਆ ਜਾਂਦਾ ਹੋਵੇ। ਜ਼ੁਲਮ ਵੀ ਅਜਿਹਾ ਜਿਸ ਦੀ ਕੋਈ ਦਾਦ-ਫ਼ਰਿਆਦ ਨਾ ਹੋਵੇ ਤੇ ਕਿਸੇ ਤੋਂ ਨਿਆਂ ਦੀ ਕੋਈ ਆਸ ਨਾ ਹੋਵੇ। ਮੁਗ਼ਲ ਰਾਜ ਸਮੇਂ ਖਾਸ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਸਮੇਂ ਗ਼ੈਰ-ਮੁਸਲਮਾਨਾਂ 'ਤੇ ਅਨੇਕ ਪ੍ਰਕਾਰ ਦੀਆਂ ਬੰਦਿਸ਼ਾਂ ਲਗਾ ਦਿੱਤੀਆਂ ਗਈਆਂ ਤੇ ਤਲਵਾਰ ਦੇ ਜ਼ੋਰ ਨਾਲ ਗ਼ੈਰ-ਮੁਸਲਮਾਨਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ।ਅਜਿਹੇ ਘੋਰ ਸੰਕਟ ਦੇ ਸਮੇਂ ਜਦੋਂ ਇਸ ਜ਼ੁਲਮ ਅੱਗੇ ਸਾਰੇ ਹਿੰਦੋਸਤਾਨ ਦੀ ਜਨਤਾ ਥਰ-ਥਰ ਕੰਬ ਰਹੀ ਸੀ, ਉਸ ਸਮੇਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨੂੰ ਬਚਾਉਣ ਲਈ ਅਤੇ ਹੱਕ-ਸੱਚ ਦੀ ਰਾਖੀ ਲਈ ਜ਼ਾਲਮ ਹਕੂਮਤ ਨੂੰ ਠੱਲ੍ਹ ਪਾਉਣ ਲਈ ਖਾਲਸੇ ਦੀ ਸਾਜਨਾ ਕੀਤੀ। ਅਕਾਲ ਪੁਰਖ ਨੇ ਖਾਲਸਾ ਦਲਾਂ ਨੂੰ ਅਜਿਹਾ ਹੌਂਸਲਾ ਤੇ ਬਲ ਬਖਸ਼ਿਆ ਕਿ ਸੂਰਬੀਰ ਸਿੰਘਾਂ ਨੇ ਹਰ ਜ਼ੁਲਮ ਦਾ ਟਾਕਰਾ ਆਪਣਾ ਸਿਰ ਤਲੀ 'ਤੇ ਧਰ ਕੇ ਦੁਨੀਆ ਅੱਗੇ ਅਜਿਹੇ ਕਾਰਨਾਮੇ ਪੇਸ਼ ਕੀਤੇ ਕਿ ਲੋਕ ਮੂੰਹ ਵਿਚ ਉਂਗਲਾਂ ਪਾ ਕੇ ਸੋਚਣ ਲੱਗ ਪਏ।ਸਿੱਖਾਂ ਦੀਆਂ ੧੨ ਮਿਸਲਾਂ 'ਚੋਂ ਸ਼ਹੀਦਾਂ ਦੀ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਦਾ ਜਨਮ ੧੬੮੨ ਈ. ਵਿਚ ਸ੍ਰੀ ਅੰਮ੍ਰਿਤਸਰ ਪਰਗਣੇ ਦੇ ਪਹੂਵਿੰਡ (ਹੁਣ ਜ਼ਿਲ੍ਹਾ ਤਰਨ ਤਾਰਨ) ਪਿੰਡ ਵਿਖੇ ਹੋਇਆ। ਜੁਆਨ ਅਵਸਥਾ ਵਿਚ ਆਪ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹਿਣ ਲੱਗ ਪਏ। ਜਥੇਦਾਰ ਬੁੱਢਾ ਸਿੰਘ ਜੀ ਵੀ ਆਪ ਜੀ ਦੇ ਸਾਥੀ ਸਨ।ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਦੇ ਵਿਚ ਦੀ ਹੁੰਦੇ ਹੋਏ ਪਿੰਡਾਂ ਵਿਚ ਠਹਿਰਦੇ ਤਲਵੰਡੀ ਸਾਬੋ ਪਹੁੰਚੇ ਅਤੇ ਇਸ ਜਗ੍ਹਾ 'ਤੇ ਆ ਕੇ ਟਿਕ ਗਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਜਿਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਤਲਵੰਡੀ ਸਾਬੋ ਵਿਖੇ ਅੱਜ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਇਸ ਜਗ੍ਹਾ 'ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਦੱਖਣ ਦੀ ਯਾਤਰਾ ਤੋਂ ਪਹਿਲਾਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਪਿਤਾ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰਵਾ ਕੇ ਨਵਾਂ ਸਰੂਪ ਤਿਆਰ ਕਰਵਾਇਆ। ਬਾਬਾ ਦੀਪ ਸਿੰਘ ਜੀ ਨੇ ਇਸ ਸਰੂਪ ਦੇ ਉਤਾਰੇ ਕੀਤੇ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ




ਜੀ ਦੱਖਣ ਯਾਤਰਾ 'ਤੇ ਗਏ ਤਾਂ ਬਾਬਾ ਦੀਪ ਸਿੰਘ ਜੀ ਅਤੇ ਜਥੇਦਾਰ ਬੁੱਢਾ ਸਿੰਘ ਜੀ ਦੀ ਡਿਊਟੀ ਦਮਦਮਾ ਸਾਹਿਬ ਵਿਖੇ ਸੇਵਾ-ਸੰਭਾਲ ਲਈ ਲਗਾਈ। ਦਮਦਮਾ ਸਾਹਿਬ ਵਿਖੇ ਸੇਵਾ-ਸੰਭਾਲ ਕਰਦਿਆਂ ਬਾਬਾ ਦੀਪ ਸਿੰਘ ਜੀ ਨੇ ਇਕ ਖੂਹ ਲਗਵਾਇਆ ਜੋ ਤਖ਼ਤ ਸਾਹਿਬ ਦੀ ਪਰਕਰਮਾ ਵਿਚ ਹੈ, ਜੋ ਸ਼ਹੀਦਾਂ ਦੇ ਖੂਹ ਨਾਲ ਜਾਣਿਆ ਜਾਂਦਾ ਹੈ। ਜਥੇਦਾਰ ਬੁੱਢਾ ਸਿੰਘ ਜੀ ਨੇ ਬੇਰੀਆਂ ਦੇ ਦਰੱਖ਼ਤ ਲਗਵਾਏ।ਦੱਖਣ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਪੰਜਾਬ ਭੇਜਿਆ, ਉਸ ਸਮੇਂ ਬਾਬਾ ਦੀਪ ਸਿੰਘ ਜੀ ਆਪਣੇ ਸਾਥੀ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸਹਾਇਤਾ ਕੀਤੀ। ਇਹ ਮੈਦਾਨ-ਏ-ਜੰਗ ਵਿਚ ਸਭ ਤੋਂ ਅੱਗੇ ਹੋ ਕੇ ਲੜਦੇ, ਜਿਸ ਨਾਲ ਵਿਰੋਧੀਆਂ ਵਿਚ ਬਾਬਾ ਜੀ ਦਾ ਇਤਨਾ ਦਬਦਬਾ ਬੈਠ ਗਿਆ ਕਿ ਬਾਬਾ ਦੀਪ ਸਿੰਘ ਜੀ ਦਾ ਨਾਂ ਸੁਣ ਕੇ ਹੀ ਮੈਦਾਨ ਵਿੱਚੋਂ ਤਿੱਤਰ ਹੋ ਜਾਂਦੇ ਸਨ ਅਤੇ ਇਨ੍ਹਾਂ ਦੇ ਜਥੇ ਦਾ ਨਾਂ ਸ਼ਹੀਦੀ ਜਥਾ ਪ੍ਰਸਿੱਧ ਹੋ ਗਿਆ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਮੁਗ਼ਲ ਸਰਕਾਰ ਵੱਲੋਂ ਸਿੱਖਾਂ 'ਤੇ ਸਖ਼ਤੀਆਂ ਦਾ ਦੌਰ ਚੱਲਿਆ। ਜ਼ਕਰੀਆ ਖਾਨ ਦੇ ਸਮੇਂ ਇਹ ਸਖ਼ਤੀ ਇਕ ਭਿਆਨਕ ਸੰਘਰਸ਼ ਦਾ ਰੂਪ ਧਾਰਨ ਕਰ ਗਈ। ਉਸ ਸਮੇਂ ਖਾਲਸਾ ਪੰਥ ਇਕ ਜਥੇ ਦੇ ਰੂਪ ਵਿਚ ਵਿਚਰਦਾ ਸੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਜਥੇ ਦੇ ਮੁਖੀ ਸਿੰਘਾਂ ਵਿਚ ਗਿਣਿਆ ਜਾਂਦਾ ਸੀ। ਗਿਆਨੀ ਗਿਆਨ ਸਿੰਘ ਅਨੁਸਾਰ ਉਸ ਸਮੇਂ ਜਥੇਦਾਰ ਦਰਬਾਰਾ ਸਿੰਘ ਦੀਵਾਨ, ਜਥੇਦਾਰ ਸੰਗਤ ਸਿੰਘ ਖ਼ਜ਼ਾਨਚੀ, ਜਥੇਦਾਰ ਹਰੀ ਸਿੰਘ ਲਾਂਗਰੀ, ਜਥੇਦਾਰ ਭਗਤ ਸਿੰਘ ਮੋਦੀ, ਜਥੇਦਾਰ ਬੁੱਢਾ ਸਿੰਘ ਦੇਸੀ, ਜਥੇਦਾਰ ਹਰਦਿੱਤ ਸਿੰਘ, ਜਥੇਦਾਰ ਗਰਜਾ ਸਿੰਘ, ਜਥੇਦਾਰ ਸੱਜਨ ਸਿੰਘ, ਜਥੇਦਾਰ ਈਸ਼ਰ ਸਿੰਘ, ਜਥੇਦਾਰ ਗਿਆਨ ਸਿੰਘ, ਜਥੇਦਾਰ ਸਾਧੂ ਸਿੰਘ, ਜਥੇਦਾਰ ਦੇਵਾ ਸਿੰਘ, ਨਵਾਬ ਕਪੂਰ ਸਿੰਘ, ਜਥੇਦਾਰ ਹਰੀ ਸਿੰਘ ਸੁਖੀ, ਬਾਬਾ ਦੀਪ ਸਿੰਘ ਜੀ, ਜਥੇਦਾਰ ਗੁਰਬਖ਼ਸ਼ ਸਿੰਘ (ਸ਼ਹੀਦ), ਜਥੇਦਾਰ ਥਰਾਜ ਸਿੰਘ, ਜਥੇਦਾਰ ਜੱਸਾ ਸਿੰਘ, ਜਥੇਦਾਰ ਕਰਮ ਸਿੰਘ, ਜਥੇਦਾਰ ਭੋਲਾ ਸਿੰਘ, ਜਥੇਦਾਰ ਅਤਰ ਸਿੰਘ, ਜਥੇਦਾਰ ਸੀਹਾਂ ਸਿੰਘ, ਜਥੇਦਾਰ ਬਚਨ ਸਿੰਘ, ਜਥੇਦਾਰ ਕੇਹਰ ਸਿੰਘ, ਜਥੇਦਾਰ ਬ੍ਰਜ ਸਿੰਘ, ਜਥੇਦਾਰ ਘਨਘੋਰ ਸਿੰਘ ਅਤੇ ਜਥੇਦਾਰ ਅਮਰ ਸਿੰਘ ਆਦਿ ਮੁਖੀ ਸਿੰਘ ਸਨ।੧੭੩੫ ਈ. ਵਿਚ ਜ਼ਕਰੀਆ ਖਾਨ ਨੇ ਸ੍ਰੀ ਅੰਮ੍ਰਿਤਸਰ ਦੇ ਇਰਦ-ਗਿਰਦ ਪਹਿਰੇ ਲਾ ਕੇ ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਸਾਰੇ ਰਸਤੇ ਬੰਦ ਕਰ ਦਿੱਤੇ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਜੰਡਿਆਲੇ ਦਾ ਤੁਅੱਲਕਦਾਰ ਮੱਸਾ ਰੰਘੜ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ। ਉਸ ਨੂੰ ਸਜ਼ਾ ਦੇਣ ਲਈ ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਨੂੰ ਜਥੇਦਾਰ ਬੁੱਢਾ ਸਿੰਘ ਨੇ ਬੀਕਾਨੇਰ ਤੋਂ ਭੇਜਿਆ। ਉਹ ਜਾਂਦੇ ਸਮੇਂ ਬਾਬਾ ਦੀਪ ਸਿੰਘ ਜੀ ਪਾਸ ਦਮਦਮਾ ਸਾਹਿਬ ਠਹਿਰੇ ਸਨ ਅਤੇ ਮੱਸੇ ਰੰਘੜ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਤੋਂ ਬਾਅਦ ਉਸ ਦਾ ਸਿਰ ਨੇਜਿਆਂ 'ਤੇ ਟੰਗ ਕੇ ਲਿਜਾਂਦੇ ਹੋਏ ਵਾਪਸੀ 'ਤੇ ਵੀ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਪਾਸ ਠਹਿਰੇ।ਜਦ ਅਦੀਨਾ ਬੇਗ ਦੇ ਮਰਨ ਪਿੱਛੋਂ ਜਲੰਧਰ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦਾ ਇਲਾਕਾ ਮੁਹੰਮਦ ਅਮੀਨ ਤੋਂ ਫ਼ਤਿਹ ਕਰ ਕੇ ਆਪਣੇ ਸਾਥੀ ਭਾਈ ਦਿਆਲ ਸਿੰਘ ਤੇ ਭਾਈ ਨੱਥਾ ਸਿੰਘ ਸ਼ਹੀਦ ਨੂੰ ਦੇ ਦਿੱਤਾ, ਜੋ ਸ਼ਹੀਦ ਭਾਈ ਕਰਮ ਸਿੰਘ ਦੇ ਸਮੇਂ ਤਕ ਮਿਸਲ ਸ਼ਹੀਦਾਂ ਨੂੰ ਸਾਲਾਨਾ ਕੁਝ ਨਾ ਕੁਝ ਪਹੁੰਚਾਉਂਦੇ ਰਹੇ, ਕਿੰਤੂ ਗੁਲਾਬ ਸਿੰਘ ਦਾ ਅਵੈੜਪੁਣਾ ਦੇਖ ਕੇ ਉਹ ਜਾਗੀਰ ਗੁਰਦੁਆਰਾ ਬਾਬੇ ਦੀ ਬੇਰ ਦੇ ਨਾਮ ਲਾ ਦਿੱਤੀ। ਅਹਿਮਦਸ਼ਾਹ ਅਬਦਾਲੀ ਨੇ ਜਹਾਨ ਖਾਨ ਨੂੰ ਸਿੰਘਾਂ 'ਤੇ ਹਮਲਾ ਕਰਨ ਲਈ ਭੇਜਿਆ। ਦੁਰਾਨੀਆਂ ਦਾ ਜ਼ੋਰ ਦੇਖ ਕੇ ਕੁਝ ਸਿੰਘ ਮਾਲਵੇ ਵੱਲ ਨੂੰ ਚਲੇ ਗਏ। ਜਹਾਨ ਖਾਨ ਸ੍ਰੀ ਅੰਮ੍ਰਿਤਸਰ ਵਿਖੇ ਡੇਰੇ ਲਾ ਕੇ ਬੈਠ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗ ਪਿਆ। ਸ੍ਰੀ ਅੰਮ੍ਰਿਤਸਰ ਦਾ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ। ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਉਸੇ ਵੇਲੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ। ਝੱਟਪਟ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਨੂੰ ਛੱਡ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਸ੍ਰੀ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਉਸ ਸਮੇਂ ਆਪ ਜੀ ਦੇ ਨਾਲ ਸਿਰਫ਼ ੫੦੦ ਸਿੰਘਾਂ ਦਾ ਜਥਾ ਸੀ। ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਨ, ਮਾਹਨਵਾਲ, ਕੋਟ, ਪੰਜੋ ਕੇ, ਗੁਰੂ ਚੌਤਰਾ, ਫੂਲ, ਮਹਿਰਾਜ ਤੋਂ ਹੋਰ ਸਿੰਘ ਜਥੇ ਵਿਚ ਰਲਦੇ ਗਏ, ਇਸ ਤਰ੍ਹਾਂ ਤਰਨ ਤਾਰਨ ਪਹੁੰਚਣ ਤੀਕ ਉਨ੍ਹਾਂ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜਥਾ ਬਣ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਜੋ ਗੁਰੂ ਦੇ ਰਾਹ 'ਤੇ ਸਿਰ ਦੇਣ ਲਈ ਤਿਆਰ ਹੈ ਉਹੀ ਉਨ੍ਹਾਂ ਨਾਲ ਆਵੇ। ਉਨ੍ਹਾਂ ਦੇ ਸੱਦੇ 'ਤੇ ਪੰਜ ਹਜ਼ਾਰ ਗੁਰੂ ਕੇ ਸਿੰਘ ਸ਼ਹੀਦ ਹੋਣ ਲਈ ਤਿਆਰ-ਬਰ-ਤਿਆਰ ਹੋ ਕੇ ਆ ਪਹੁੰਚੇ। ਉਧਰ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਦੀਵਾਲੀ ਦੇ ਮੌਕੇ 'ਤੇ ਸ੍ਰੀ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜੀ ਅਤਾਈ ਖਾਂ ਗਸ਼ਤੀ ਫ਼ੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਗਾ ਰਿਹਾ ਸੀ। ਸ੍ਰੀ ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ ਹੁਕਮ ਹੋਇਆ। ਉਧਰੋਂ ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਨ ਲਈ ਵੰਗਾਰਿਆ। ਲਾਹੌਰ ਦਾ ਫ਼ੌਜਦਾਰ ਜਹਾਨ ਖਾਂ ਦੋ ਹਜ਼ਾਰ ਸਵਾਰ ਲੈ ਕੇ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਿਆ। ਸਿੰਘਾਂ ਦੇ ਆਉਣ ਦੀ ਖ਼ਬਰ ਦੁਰਾਨੀ ਨੂੰ ਵੀ ਮਿਲ ਚੁੱਕੀ ਸੀ ਉਹ ਵੀ ਆਪਣੀ ਫ਼ੌਜ ਲੈ ਕੇ ਗੋਹਲਵੜ ਕੋਲ ਆਣ ਪਹੁੰਚਾ। ਦੋਵਾਂ ਦਲਾਂ ਦਾ ਮੁਕਾਬਲਾ ਗੋਹਲਵੜ ਕੋਲ ਹੋ ਗਿਆ। ਗਹਿਗੱਚ ਲੜਾਈ ਹੋਈ, ਛੇ ਕੋਹ ਦੇ ਵਿਚਕਾਰ ਲਾਸ਼ਾਂ ਹੀ ਲਾਸ਼ਾਂ ਵਿੱਛ ਗਈਆਂ। ਗਿਆਨੀ ਗਿਆਨ ਸਿੰਘ ਅਨੁਸਾਰ, 'ਚੱਬੇ ਪਿੰਡ ਦੇ ਕੋਲ ਸ਼ਾਹ ਜਮਾਲ (ਜਮਾਲ ਖਾਂ) ਨਾਲ ਬਾਬਾ ਜੀ ਦੀ ਇਤਨੀ ਭਿਆਨਕ ਲੜਾਈ ਹੋਈ ਕਿ ਬਾਬਾ ਜੀ ਸਿਰ ਤਲੀ 'ਤੇ ਧਰ ਕੇ ਲੜੇ ਅਤੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਬਾਬਾ ਜੀ ਸ਼ਹੀਦੀ ਪਾ ਗਏ।'ਬਾਬਾ ਸੱਜਣ ਸਿੰਘ, ਬਾਬਾ ਬਹਾਦਰ ਸਿੰਘ ਤੇ ਕਈ ਹੋਰ ਸਿੰਘ ਗੁਰੂ ਦੇ ਬਾਗ਼ ਵਿਚ ਲੜਦੇ ਸ਼ਹੀਦ ਹੋ ਗਏ, ਉਨ੍ਹਾਂ ਦਾ ਸਥਾਨ ਬਾਗ਼ ਵਿਚ ਹੈ। ਬਾਗ਼ ਦੀ ਜਗ੍ਹਾ ਅੱਜਕਲ੍ਹ ਦੀਵਾਨ ਹਾਲ ਮੰਜੀ ਸਾਹਿਬ ਬਣ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੰਜੀ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜ੍ਹੇ ਉੱਪਰ ਹੇਠ ਲਿਖੇ ਸਿੰਘਾਂ ਦੇ ਨਾਮ ਲਿਖੇ ਹੋਏ ਹਨ:

ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ

੨. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ

੩. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ

੪. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ

੫. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ

੬. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ

੭. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ

੮. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ

੯. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ

੧੦. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਜੰਗ ਵਿਚ ਭਾਵੇਂ ਬਾਬਾ ਦੀਪ ਸਿੰਘ ਜੀ ਸ਼ਹੀਦੀ ਪਾ ਗਏ ਪਰ ਉਹ ਆਪਣਾ ਪ੍ਰਣ ਨਿਭਾਉਣ ਵਿਚ ਸਫਲ ਰਹੇ। ਦੁਰਾਨੀ ਦੀਆਂ ਫ਼ੌਜਾਂ ਨੂੰ ਚੀਰਦੇ ਹੋਏ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਂਦਿਆਂ ਆਪਣਾ ਸੀਸ ਗੁਰੂਚਰਨਾਂ ਵਿਚ ਭੇਟ ਕਰ ਦਿੱਤਾ:

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ (ਪੰਨਾ ੧੦੯੪)

ਬਾਬਾ ਦੀਪ ਸਿੰਘ ਜੀ ਜੰਗਾਂ-ਯੁੱਧਾਂ ਦੇ ਨਾਲ-ਨਾਲ ਨਾਮ-ਸਿਮਰਨ ਦੇ ਵੀ ਪੱਕੇ ਅਭਿਆਸੀ ਸਨ। ਆਪਣੇ ਹੱਥਾਂ ਨਾਲ ਗੁਰਬਾਣੀ ਲਿਖਣ ਦੀ ਸੇਵਾ ਕਰਦੇ ਹੋਏ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ। ਉਨ੍ਹਾਂ ਦਾ ਮਨ ਪੂਰੀ ਤਰ੍ਹਾਂ ਬਾਣੀ ਦੇ ਰੰਗ ਵਿਚ ਰੰਗਿਆ ਰਹਿੰਦਾ ਸੀ। ਉਹ ਆਮ ਸੰਸਾਰੀ ਯੋਧਿਆਂ ਵਾਂਗ ਹੰਕਾਰ ਵਿਚ ਜਾਂ ਕ੍ਰੋਧ ਵੱਸ ਹੋ ਕੇ ਯੁੱਧ ਨਹੀਂ ਸੀ ਕਰਦੇ। ਯੁੱਧ ਕਰਦਿਆਂ ਉਨ੍ਹਾਂ ਦੀ ਅਵਸਥਾ ਠੀਕ ਉਸੇ ਤਰ੍ਹਾਂ ਹੁੰਦੀ ਜਿਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ:

ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁੱਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥(ਦਸਮ ਗ੍ਰੰਥ)

**ਕ੍ਰਿਪਾਲ ਸਿੰਘ**

# ਲੋਕਾਂ ਲਈ ਨਹੀਂ ਰਹੀ ਜਮਹੂਰੀਅਤ 'ਜਮਹੂਰੀ ਰੱਸਾਕਸ਼ੀ'

ਅੱਜ ਅਸੀਂ ਭਾਰਤ ਦਾ ਗਣਤੰਤਰ ਦਿਵਸ ਮਨਾ ਰਹੇ ਹਾਂ। 26 ਜਨਵਰੀ, 1950 ਨੂੰ ਦੇਸ਼ ਦਾ ਆਪਣਾ ਸੰਵਿਧਾਨ ਲਾਗੂ ਹੋਇਆ ਸੀ। ਸੰਵਿਧਾਨ ਘਾੜਿਆਂ ਨੇ ਇਸ ਦੇ ਮੁੱਖ ਪੰਨੇ ਉੱਤੇ ਸ਼ੁਰੂ ਹੀ ਇਥੋਂ ਕੀਤਾ ਕਿ ਸਾਡੇ ਭਾਰਤ ਵਿਚ 'ਲੋਕਾਂ ਦੀ ਸਰਕਾਰ ਹੋਵੇਗੀ, ਜਿਸ ਨੂੰ ਲੋਕ ਹੀ ਚੁਣਨਗੇ ਅਤੇ ਉਹ ਲੋਕਾਂ ਦੇ ਭਲੇ ਲਈ ਕੰਮ ਕਰੇਗੀ।' ਇਸ ਗਣਤੰਤਰ ਦਿਵਸ 'ਤੇ ਦਿੱਲੀ ਵਿਚ ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਝੰਡਾ ਲਹਿਰਾ ਕੇ ਸਲਾਮੀ ਲੈਣਗੇ ਅਤੇ ਸਾਰੇ ਰਾਜਾਂ ਵਿਚ ਗਵਰਨਰ, ਮੁੱਖ ਮੰਤਰੀ ਅਤੇ ਮੰਤਰੀ ਝੰਡਾ ਲਹਿਰਾਉਣਗੇ। ਦੇਸ਼ ਦੀ ਤਰੱਕੀ ਦੇ ਦਾਅਵੇ ਕੀਤੇ ਜਾਣਗੇ। ਮਹਿੰਗਾਈ ਅਤੇ ਭ੍ਰਿਸ਼ਟਾਚਾਰ ਵਰਗੇ ਗੰਭੀਰ ਮਸਲਿਆਂ ਉੱਤੇ ਚਿੰਤਾ ਜ਼ਰੂਰ



ਜਤਾਈ ਜਾਵੇਗੀ। ਇਨ੍ਹਾਂ ਨੂੰ ਸਖਤੀ ਨਾਲ ਕੰਟਰੋਲ ਕਰਨ ਦੀਆਂ ਗੱਲਾਂ ਜ਼ਰੂਰ ਹੋਣਗੀਆਂ ਪਰ ਅਮਲੀ ਰੂਪ ਵਿਚ ਕੁਝ ਨਹੀਂ ਹੋਵੇਗਾ।ਅੱਜ ਆਮ ਭਾਰਤ ਵਾਸੀ ਲਈ ਇਹ ਚਿੰਤਾ ਦਾ ਵਿਸ਼ਾ ਹੈ ਕਿ ਅਸੀਂ ਜਾ ਕਿਧਰ ਰਹੇ ਹਾਂ? ਕਿਤੇ ਦੇਸ਼ ਟੁੱਟ ਤਾਂ ਨਹੀਂ ਜਾਵੇਗਾ? ਕਿਤੇ ਅਸੀਂ ਮੁੜ ਗੁਲਾਮ ਤਾਂ ਨਹੀਂ ਹੋ ਜਾਵਾਂਗੇ? ਦੇਸ਼ ਦੀ ਸਰਕਾਰ ਨੂੰ ਚਲਾਉਣ ਵਾਲੇ ਪ੍ਰਤੀਨਿਧੀ ਕੀ ਸੱਚਮੁੱਚ ਲੋਕਾਂ ਦੀ ਪ੍ਰਤੀਨਿਧਤਾ ਕਰ ਰਹੇ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਦਿਆਂ ਸਿਰ ਚਕਰਾਉਂਦਾ ਹੈ। ਇੰਜ ਲਗਦਾ ਹੈ ਕਿ 1947 ਵਿਚ ਆਜ਼ਾਦੀ ਤੋਂ ਬਾਅਦ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਨੇਤਾਵਾਂ ਨੂੰ ਵੀ ਜਿਵੇਂ ਸੱਤਾ ਦੇ ਸੁਖ ਨੇ ਹੀ ਦਬੋਚ ਲਿਆ ਹੈ। ਉਦੋਂ ਹੀ ਕੁਝ ਬੁਨਿਆਦੀ ਗ਼ਲਤੀਆਂ ਕੀਤੀਆਂ ਗਈਆਂ, ਜਿਸ ਦੀ ਸਜ਼ਾ ਅੱਜ ਸਾਰਾ ਦੇਸ਼ ਭੁਗਤ ਰਿਹਾ ਹੈ।

ਸਾਡੇ ਵਿਚੋਂ ਜੇਕਰ ਕਿਸੇ ਨੂੰ ਕਿਸੇ ਵਿਕਸਿਤ ਦੇਸ਼ ਜਾਣ ਦਾ ਮੌਕਾ ਮਿਲੇ ਤਾਂ ਉਹ ਵਾਪਸ ਆ ਕੇ ਉਥੋਂ ਦੀ ਤਰੱਕੀ ਦੀਆਂ ਬੜੀਆਂ ਗੱਲਾਂ ਸੁਣਾਉਂਦਾ ਹੈ। ਵਿਕਸਿਤ ਦੇਸ਼ਾਂ ਵਿਚ ਕਾਨੂੰਨ ਦਾ ਰਾਜ ਹੈ ਅਤੇ ਉਹ ਲੋਕ ਆਪਣੇ ਦੇਸ਼ ਨੂੰ ਪਿਆਰ ਕਰਦੇ ਹਨ। ਉਨ੍ਹਾਂ ਲਈ ਦੇਸ਼ ਪਹਿਲਾਂ ਅਤੇ ਨਿੱਜ ਬਾਅਦ ਦੀ ਭਾਵਨਾ ਹੈ, ਪਰ ਸਾਡੇ ਦੇਸ਼ ਦੇ ਮੋਢੀ ਨੇਤਾਵਾਂ ਨੇ ਲੋਕਾਂ ਵਿਚ ਕੌਮੀ ਕਿਰਦਾਰ ਨੂੰ ਉਜਾਗਰ ਅਤੇ ਮਜ਼ਬੂਤ ਕਰਨ ਵੱਲ ਉੱਕਾ ਧਿਆਨ ਨਹੀਂ ਦਿੱਤਾ। ਅੱਜ ਅਸੀਂ ਖੁਦਗਰਜ਼ ਹੋ ਗਏ ਹਾਂ। ਦੇਸ਼ ਦੀ ਚਿੰਤਾ ਕਿੰਨੇ ਕੁ ਲੋਕਾਂ ਨੂੰ ਹੈ ? ਸਾਡੇ ਦੇਸ਼ ਵਿਚ 7 ਫੀਸਦੀ ਲੋਕ ਖੇਤੀ ਕਰਦੇ ਹਨ ਅਤੇ 1 ਤੋਂ 15 ਫੀਸਦੀ ਸਨਅਤਾਂ ਵਿਚ ਮਜ਼ਦੂਰੀ ਆਦਿ ਕਰਕੇ ਦੋ ਡੰਗ ਦੀ ਰੋਟੀ ਕਮਾਉਣ ਦੇ ਆਹਰ ਵਿਚ ਲੱਗੇ ਹੋਏ ਹਨ। ਇਸ 85 ਫੀਸਦੀ ਆਬਾਦੀ ਨੂੰ ਤਾਂ ਆਰਥਿਕ ਸਮੱਸਿਆਵਾਂ ਨੇ ਹੀ ਏਨਾ ਘੇਰਿਆ ਹੋਇਆ ਹੈ ਕਿ ਉਨ੍ਹਾਂ ਨੂੰ ਸੁਝਦਾ ਹੀ ਕੁਝ ਨਹੀਂ, ਬਾਕੀ ਦੇ ਖਾਂਦੇ-ਪੀਂਦੇ ਰਾਜਨੇਤਾਵਾਂ, ਅਫਸਰਸ਼ਾਹੀ ਅਤੇ ਸਰਮਾਏਦਾਰ ਲੋਕਾਂ ਨੇ ਸਾਡੇ ਗਣਤੰਤਰ ਨੂੰ ਭ੍ਰਿਸ਼ਟਾਚਾਰ, ਅਨਪੜ੍ਹਤਾ, ਸਮਾਜਿਕ ਨਾਬਰਾਬਰੀ ਅਤੇ ਬੇਰੁਜ਼ਗਾਰੀ ਵਰਗੇ ਗ੍ਰਹਿਣ ਲਾਏ ਹੋਏ ਹਨ। ਕਿਸੇ ਵੀ ਦੇਸ਼ ਜਾਂ ਸਮਾਜ ਦਾ ਤਰੱਕੀ ਲਈ ਗਿਆਨਵਾਨ ਹੋਣਾ ਜ਼ਰੂਰੀ ਹੁੰਦਾ ਹੈ ਪਰ ਆਮ ਆਦਮੀ ਨੂੰ ਤਾਂ ਗਿਆਨ ਪ੍ਰਾਪਤੀ ਲਈ ਮਿਆਰੀ ਵਿੱਦਿਆ ਹੀ ਉਪਲਬਧ ਨਹੀਂ। ਮਿਆਰੀ ਵਿੱਦਿਆ ਮਹਿੰਗੀ ਹੋ ਗਈ ਹੈ। ਅੱਜ ਸਾਡੇ ਭਾਰਤ ਵਿਚ ਰਾਜ ਸੱਤਾ ਕੁਝ ਪਰਿਵਾਰਾਂ ਤੱਕ ਹੀ ਸੀਮਤ ਹੋ ਗਈ ਹੈ। ਭਾਵੇਂ ਕੋਈ ਰਾਜ ਹੋਵੇ ਜਾਂ ਕੇਂਦਰ, ਇਹ ਰਾਜਨੀਤਕ ਪਰਿਵਾਰ ਆਧੁਨਿਕ ਰਾਜੇ ਬਣ ਬੈਠੇ ਹਨ। ਰਾਜਨੀਤੀ ਸੇਵਾ ਨਹੀਂ, ਵਪਾਰ ਬਣ ਗਈ ਹੈ। ਚੋਣਾਂ ਵਿਚ ਇਹ ਲੋਕ ਪੈਸਾ ਖਰਚਦੇ ਹਨ ਅਤੇ ਬਾਅਦ ਵਿਚ ਇਸ ਤੋਂ ਮੋਟੀ ਕਮਾਈ ਕਰਨ ਵਿਚ ਲੱਗੇ ਰਹਿੰਦੇ ਹਨ। ਆਮ ਆਦਮੀ ਨੂੰ ਇਹ ਲੋਕ ਆਪਣੀ ਰਾਜਨੀਤੀ ਲਈ ਕੱਚਾ ਮਾਲ ਸਮਝਦੇ ਹਨ। ਰਾਜਨੀਤੀ ਇਕ ਫੈਕਟਰੀ ਵਾਂਗ ਹੀ ਚਲਦੀ ਹੈ। ਰਾਜਨੇਤਾਵਾਂ ਨੂੰ ਲੋਕਾਂ ਤੋਂ ਵੋਟਾਂ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਆਪਣੀ ਇਸ ਲੋੜ ਦੀ ਪੂਰਤੀ ਲਈ ਆਮ ਵੋਟਰ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਹੈ। ਲੋਕ ਵੋਟਾਂ ਵੇਲੇ ਨਸ਼ੇ ਅਤੇ ਪੈਸੇ ਮੰਗਣ ਲੱਗ ਪਏ ਹਨ। ਪਿੰਡਾਂ ਵਿਚ ਲੋਕਾਂ ਦਾ ਆਪਸੀ ਭਾਈਚਾਰਾ ਹੀ ਤੋੜ ਦਿੱਤਾ ਗਿਆ ਹੈ। ਅੱਜ ਸਾਡਾ ਗਣਤੰਤਰ ਅਸਲ ਵਿਚ ਭ੍ਰਿਸ਼ਟਤੰਤਰ ਬਣ ਗਿਆ ਹੈ। ਰਾਜਨੇਤਾਵਾਂ ਨੇ ਵੱਡੇ ਵਪਾਰਕ ਘਰਾਣਿਆਂ ਅਤੇ ਅਫਸਰਸ਼ਾਹੀ ਨਾਲ ਘੁੱਟ ਕੇ ਗਲਵੱਕੜੀ ਪਾ ਲਈ ਹੈ। ਅੱਜ ਇਹ ਤਿੱਕੜੀ ਦੇਸ਼ ਨੂੰ ਦੋਵੇਂ ਹੱਥੀਂ ਲੁੱਟਣ ਲੱਗੀ ਹੋਈ ਹੈ। ਸਭ ਤੋਂ ਔਖਾ ਕੰਮ ਕਿਸਾਨ ਅਤੇ ਮਜ਼ਦੂਰ ਦਾ ਹੈ। ਇਨ੍ਹਾਂ ਲੋਕਾਂ ਲਈ ਸਰਕਾਰ ਦਾ ਖਜ਼ਾਨਾ ਖਾਲੀ ਹੈ ਪਰ ਸਨਅਤ ਲਈ, ਕਾਰਪੋਰੇਟ ਘਰਾਣਿਆਂ ਲਈ ਕੇਂਦਰ ਦੇ ਇਕ ਸਾਲ ਦੇ ਬਜਟ ਵਿਚ ਹੀ ਸਾਢੇ ਪੰਜ ਲੱਖ ਕਰੋੜ ਦੀਆਂ ਸਬਸਿਡੀਆਂ, ਟੈਕਸ ਛੋਟਾਂ ਆਦਿ ਦੀ ਵਿਵਸਥਾ ਹੋ ਜਾਂਦੀ ਹੈ। ਦੇਸ਼ ਵਿਕਾਸ ਕਰ ਰਿਹਾ ਹੈ। ਸੜਕਾਂ, ਹਵਾਈ ਅੱਡੇ ਬਣ ਰਹੇ ਹਨ। ਕਿਸ ਲਈ? ਅਮੀਰਾਂ ਦੀਆਂ ਕਾਰਾਂ ਲਈ ਅਤੇ ਉਨ੍ਹਾਂ ਦੇ ਉਡ ਕੇ ਜਾਣ ਲਈ। ਬਿਜ਼ਨੈੱਸ ਸਕੂਲ ਖੁੱਲ੍ਹ ਰਹੇ ਹਨ, ਜਿਥੇ ਪੜ੍ਹਾਈ ਲਈ ਇਕ ਸਾਲ ਦੀ ਫੀਸ ਹੀ ਲੱਖਾਂ ਤੋਂ ਘੱਟ ਨਹੀਂ। ਇਹ ਵੀ ਅਮੀਰ ਘਰਾਣਿਆਂ ਦੇ ਬੱਚਿਆਂ ਲਈ। ਜੋ ਵਿੱਦਿਆ ਆਮ ਆਦਮੀ ਦੀ ਪਹੁੰਚ ਵਿਚ ਹੀ ਨਹੀਂ, ਉਸ ਦਾ ਆਮ ਆਦਮੀ ਨੂੰ ਕੀ ਲਾਭ? ਆਮ ਆਦਮੀ ਤੋਂ ਤਾਂ ਇਕ ਸਾਜ਼ਿਸ਼ ਅਧੀਨ ਵਿੱਦਿਆ, ਸਿਹਤ ਸਹੂਲਤਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਖੋਹ ਲਈਆਂ ਗਈਆਂ ਹਨ।

ਭ੍ਰਿਸ਼ਟਾਚਾਰ ਦੇਸ਼ ਨੂੰ ਕੈਂਸਰ ਵਾਂਗ ਚਿੰਬੜ ਗਿਆ ਹੈ। ਹਰ ਰੋਜ਼ ਨਵੇਂ ਸਕੈਂਡਲ ਨੰਗੇ ਹੋ ਰਹੇ ਹਨ। ਸੰਸਦ, ਵਿਧਾਨ ਸਭਾਵਾਂ ਵਿਚ ਭ੍ਰਿਸ਼ਟਾਚਾਰ ਦੇ ਮੁੱਦਿਆਂ ਉੱਤੇ ਕੁਰਸੀਆਂ ਚੱਲਣ ਲੱਗੀਆਂ ਹਨ। ਪਿਛਲੇ ਵੀਹ ਕੁ ਸਾਲਾਂ ਤੋਂ ਤਾਂ ਭ੍ਰਿਸ਼ਟਾਚਾਰ ਦੇ ਸਕੈਂਡਲਾਂ ਬਾਰੇ ਸੁਣਦਿਆਂ-ਸੁਣਦਿਆਂ ਲੋਕਾਂ ਦੇ ਕੰਨ ਪੱਕ ਗਏ। ਘੁਟਾਲੇ ਏਨੇ ਹਨ ਕਿ ਲੋਕਾਂ ਨੂੰ ਪਿਛਲੇ ਭੁੱਲਣ ਲੱਗੇ ਹਨ ਅਤੇ ਨਵੇਂ ਹੋਰ ਨਿਕਲੀ ਜਾ ਰਹੇ ਹਨ। ਕਦੀ ਵੀਹ-ਤੀਹ ਕਰੋੜ ਦਾ ਘੁਟਾਲਾ ਹੁੰਦਾ ਸੀ, ਹੁਣ ਤਾਂ ਲੱਖਾਂ-ਕਰੋੜਾਂ ਦੇ ਘੁਟਾਲੇ ਵੀ ਹੋਣ ਲੱਗੇ ਹਨ। ਰਾਸ਼ਟਲ ਮੰਡਲ, ਆਦਰਸ਼ ਸੁਸਾਇਟੀ ਅਤੇ 2-ਜੀ ਸਪੈਕਟਰਮ ਘੁਟਾਲਿਆਂ ਨੇ ਤਾਂ ਦੇਸ਼ ਨੂੰ ਹਿਲਾ ਕੇ ਹੀ ਰੱਖ ਦਿੱਤਾ ਹੈ। ਲਿਸਟ ਲੰਮੀ ਹੋਈ ਜਾ ਰਹੀ ਹੈ। ਇਹ ਸਾਰੇ ਇਕ ਪਾਰਟੀ ਦੇ ਹੀ ਨਹੀਂ। ਇਸ ਹਮਾਮ ਵਿਚ ਸਾਰੇ ਨੰਗੇ ਹਨ।

ਆਮ ਆਦਮੀ ਦਾ ਪੁਲਿਸ, ਤਹਿਸੀਲ, ਪੇਂਡੂ ਵਿਕਾਸ ਜਾਂ ਕਿਸੇ ਵੀ ਥਾਂ ਜਦੋਂ ਵੀ ਵਾਹ ਪੈਂਦਾ ਹੈ ਤਾਂ ਹਰ ਥਾਂ ਭ੍ਰਿਸ਼ਟਤੰਤਰ ਅੱਖਾਂ ਪਾੜ-ਪਾੜ ਲੋਕਾਂ ਦੀ ਜੇਬ ਵੱਲ ਦੇਖਦਾ ਹੈ। ਕੋਈ ਇਨਸਾਫ ਨਹੀਂ, ਕੋਈ ਕਿਸੇ ਨੂੰ ਬਖਸ਼ਦਾ ਨਹੀਂ। ਜੇ ਕੋਈ ਆਸ ਰੱਖੇ ਕਿ ਕੋਈ ਲੋਕ ਪ੍ਰਤੀਨਿਧੀ ਮਦਦ ਕਰੇਗਾ ਤਾਂ ਇਹ ਭੁੱਲ ਹੀ ਨਹੀਂ, ਮੂਰਖਤਾ ਹੈ। ਹਰ ਵਿਭਾਗ ਵਿਚ ਹਰ ਚੰਗੇ ਮਾਲ ਬਣਾਉਣ ਵਾਲੇ ਅਹੁਦੇ ਉੱਤੇ ਹਲਕਾ ਵਿਧਾਇਕ ਜਾਂ ਹਲਕਾ ਇੰਚਾਰਜ ਆਪਣੀ ਪਸੰਦ ਦੇ ਅਧਿਕਾਰੀ ਨਿਯੁਕਤ ਕਰਵਾਉਂਦੇ ਹਨ। ਹਰ ਸੀਟ ਉੱਤੇ ਹਿੱਸਾ-ਪੱਤੀ ਨਿਰਧਾਰਤ ਹੁੰਦੀ ਹੈ। ਇਹੋ ਕਾਰਨ ਹੈ ਕਿ ਇਕ ਰਿਪੋਰਟ ਅਨੁਸਾਰ 75 ਫੀਸਦੀ ਲੋਕ ਭਾਰਤੀ ਦਫਤਰਾਂ ਵਿਚ ਆਪਣੇ ਕੰਮ ਰਿਸ਼ਵਤ ਦੇ ਕੇ ਕਰਵਾਉਂਦੇ ਹਨ ਅਤੇ ਬਾਕੀ ਦੇ ਆਪਣੇ ਰਸੂਖ਼ ਦੀ ਵਰਤੋਂ ਨਾਲ ਕੰਮ ਚਲਾਉਂਦੇ ਹਨ। ਇਹੋ ਕਾਰਨ ਹੈ ਕਿ ਅੱਜਕਲ੍ਹ ਅਫਸਰਸ਼ਾਹੀ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਵੀ ਕਰੋੜਾਂ-ਅਰਬਾਂ ਵਿਚ ਸੁਣਨ ਨੂੰ ਮਿਲਦੇ ਹਨ।

ਸਾਡੀ ਸਰਕਾਰੀ ਮਸ਼ੀਨਰੀ ਕਹਿਣ ਲਈ ਤਾਂ ਲੋਕਾਂ ਦੀ ਸੇਵਾ ਲਈ ਹੈ ਪਰ ਮੋਟੀਆਂ ਤਨਖਾਹਾਂ ਲੈਣ ਵਾਲੇ ਇਹ ਲੋਕ ਚਪੜਾਸੀ ਤੋਂ ਧੁਰ ਉੱਪਰ ਬੈਠੇ ਅਧਿਕਾਰੀ ਤੱਕ ਸਾਰੇ ਭ੍ਰਿਸ਼ਟ ਹਨ। ਸਾਰੇ ਬੇਨਾਮੀ ਜਾਇਦਾਦਾਂ ਬਣਾ ਰਹੇ ਹਨ। ਜਦੋਂ ਮਾਲ ਮੋਟਾ ਬਣ ਜਾਵੇ ਤਾਂ ਰਾਜਨੀਤੀ ਵੱਲ ਵੀ ਮੂੰਹ ਮਾਰਨ ਲਈ ਝਾਕ ਰੱਖਦੇ ਹਨ। ਹੋਰ ਤਾਂ ਹੋਰ ਸਾਡੀ ਨਿਆਂਪਾਲਿਕਾ ਉੱਤੇ ਵੀ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗਣ ਲੱਗੇ ਹਨ। ਦੇਸ਼ ਦੇ ਭ੍ਰਿਸ਼ਟ ਲੋਕਾਂ ਅਤੇ ਟੈਕਸ ਚੋਰਾਂ ਨੂੰ ਇੰਜ ਕੀਤੀ ਕਾਲੀ ਕਮਾਈ ਨੂੰ ਸੰਭਾਲਣ ਦੀ ਚਿੰਤਾ ਲੱਗੀ ਹੋਈ ਹੈ। ਬਹੁਤ ਸਾਰੇ ਅਧਿਕਾਰੀਆਂ ਨੇ ਵਿਦੇਸ਼ਾਂ ਵਿਚ ਮਿਲਖਾਂ ਖਰੀਦ ਰੱਖੀਆਂ ਹਨ। ਇਸ ਵੇਲੇ ਸਾਡੀ ਸਰਬਉੱਚ ਅਦਾਲਤ ਵਿਚ ਵਿਦੇਸ਼ਾਂ ਵਿਚ ਜਮ੍ਹਾਂ ਕਰਵਾਏ ਕਾਲੇ ਧਨ ਦਾ ਕੇਸ ਚਰਚਾ ਦਾ ਵਿਸ਼ਾ ਹੈ। ਸਰਕਾਰ ਅਤੇ ਹੋਰ ਰਾਜਨੀਤਕ ਪਾਰਟੀਆਂ ਅਨੁਸਾਰ 1 3 ਲੱਖ ਕਰੋੜ ਦੇ ਲਗਭਗ ਕਾਲਾ ਧਨ ਕੇਵਲ ਸਵਿਟਜ਼ਰਲੈਂਡ ਦੀਆਂ ਬੈਂਕਾਂ ਵਿਚ ਜਮ੍ਹਾਂ ਹੈ ਪਰ ਅੱਜ ਸਵਿਟਜ਼ਰਲੈਂਡ ਵਾਂਗ 5 ਤੋਂ ਵੱਧ ਹੋਰ ਵੀ ਦੇਸ਼ ਹਨ, ਜਿਥੇ ਕਾਲਾ ਧਨ ਛੁਪਾਉਣ ਲਈ ਛੁਪਣਗਾਹਾਂ ਹਨ। ਲੋਕਾਂ ਨੇ ਦੁਬਈ ਵਿਚ ਹੋਟਲ, ਬਹੁਮੰਜ਼ਿਲੀਆਂ ਇਮਾਰਤਾਂ ਬਣਾ ਲਈਆਂ ਹਨ। ਆਸਟ੍ਰੇਲੀਆ, ਅਮਰੀਕਾ ਵਰਗੇ ਦੇਸ਼ਾਂ ਵਿਚ ਜ਼ਮੀਨਾਂ ਖਰੀਦ ਲਈਆਂ ਹਨ। ਇੰਜ ਰਾਜਨੀਤੀ ਦਾ ਇਹ ਭ੍ਰਿਸ਼ਟ ਵਪਾਰ ਹੋਰ ਪ੍ਰਫੁੱਲਿਤ ਹੋ ਰਿਹਾ ਹੈ। ਇਕ ਅਨੁਮਾਨ ਅਨੁਸਾਰ ਹਰ ਸਾਲ ਸਵਾ ਲੱਖ ਕਰੋੜ ਦਾ ਕਾਲਾ ਧਨ ਦੇਸ਼ ਤੋਂ ਬਾਹਰ ਜਾ ਰਿਹਾ ਹੈ।

**ਕੁਲਦੀਪ ਸਿੰਘ**

# 26 ਜਨਵਰੀ ਤੋਂ ਪਹਿਲਾਂ ਸਰਹੰਦ ਨੇੜੇ ਦਿੱਲੀ-ਅੰਮ੍ਰਿਤਸਰ ਰੇਲਵੇ ਟਰੈਕ ਉਡਾਉਣ ਦੀ ਕੋਸ਼ਿਸ਼

## ਰੇਲ ਟਰੈਕ ਦਾ 600 ਮੀਟਰ ਹਿੱਸਾ ਨੁਕਸਾਨਿਆ, ਮਾਲਗੱਡੀ ਦਾ ਡਰਾਈਵਰ ਜ਼ਖ਼ਮੀ, ਹਾਲਤ ਖ਼ਤਰੇ ਤੋਂ ਬਾਹਰ, ਰੇਲਵੇ ਟਰੈਕ ਦੀ ਮੁਰੰਮਤ ਮਗਰੋਂ ਆਵਾਜਾਈ ਬਹਾਲ

**ਫ਼ਤਹਿਗੜ੍ਹ ਸਾਹਿਬ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਨੇ ਸ਼ੁੱਕਰਵਾਰ ਰਾਤੀਂ 9:50 ਵਜੇ ਦੇ ਕਰੀਬ ਸਰਹਿੰਦ ਰੇਲਵੇ ਸਟੇਸ਼ਨ ਨਜ਼ਦੀਕ ਦਿੱਲੀ ਅੰਮ੍ਰਿਤਸਰ ਮੁੱਖ ਰੇਲਵੇ ਟਰੈਕ ਨੂੰ ਉਡਾਉਣ ਦੀ ਕੋਸ਼ਿਸ਼ ਕੀਤੀ। ਸ਼ੁਰੂਆਤੀ ਜਾਂਚ ਵਿਚ ਵਿਸਫੋਟਕਾਂ ਦੇ ਇਸਤੇਮਾਲ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

ਰੇਲਵੇ ਪੋਲ ਨੰਬਰ 1208 ’ਤੇ ਪਿੰਡ ਕਾਨਪੁਰ ਨੇੜੇ ਮੁੱਖ ਲਾਈਨ ’ਤੇ ਧਮਾਕਾ ਹੋਇਆ ਅਤੇ ਵਿਸਫੋਟਕਾਂ ਦੀ ਵਰਤੋਂ ਕਰਕੇ 600 ਮੀਟਰ ਰੇਲਵੇ ਟਰੈਕ ਨੂੰ ਨੁਕਸਾਨ ਪਹੁੰਚਿਆ। ਖੁਸ਼ਕਿਸਮਤੀ ਨਾਲ ਉਸ ਸਮੇਂ ਕੋਈ ਯਾਤਰੀ ਰੇਲਗੱਡੀ ਨਹੀਂ ਲੰਘੀ ਪਰ ਇੱਕ ਮਾਲ ਗੱਡੀ ਦਾ ਇੰਜਣ ਲੀਹੋਂ ਲੱਥ ਗਿਆ। ਹਾਦਸੇ ਵਿਚ ਮਾਲ ਗੱਡੀ ਦਾ ਡਰਾਈਵਰ ਜ਼ਖ਼ਮੀ ਹੋ ਗਿਆ। ਇਸ ਘਟਨਾ ਤੋਂ ਫੌਰੀ ਮਗਰੋਂ ਰੇਲਵੇ ਅਧਿਕਾਰੀ ਹਰਕਤ ਵਿੱਚ ਆ ਗਏ। ਰੇਲਵੇ ਟਰੈਕ ਦੀ ਮੁਰੰਮਤ ਮਗਰੋਂ ਆਵਾਜਾਈ ਬਹਾਲ ਕਰ ਦਿੱਤੀ ਗਈ।



ਪੁਲੀਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਰਾਤ 1 ਵਜੇ ਦੇ ਕਰੀਬ ਉਨ੍ਹਾਂ ਨੇ ਧਮਾਕੇ ਦੀ ਆਵਾਜ਼ ਸੁਣੀ।

ਵੱਡੀ ਗਿਣਤੀ ਵਿੱਚ ਪੁਲੀਸ ਸਰਹਿੰਦ ਰੇਲਵੇ ਸਟੇਸ਼ਨ ’ਤੇ ਪਹੁੰਚ ਗਈ ਹੈ। ਜ਼ਖਮੀ ਡਰਾਈਵਰ ਦੀ ਪਛਾਣ ਅਨਿਲ ਸ਼ਰਮਾ ਵਜੋਂ ਦੱਸੀ ਗਈ ਹੈ ਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

**ਅਤਿਵਾਦੀ ਹਮਲਾ ਕਹਿਣਾ ਜਲਦਬਾਜ਼ੀ, ਜਾਂਚ ਜਾਰੀ:ਡੀਆਈਜੀ**

ਰੋਪੜ ਰੇਂਜ ਦੇ ਡੀਆਈਜੀ ਨਾਨਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ ਨੂੰ ਰੇਲਵੇ ਟਰੈਕ ’ਤੇ ਧਮਾਕੇ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਵੱਖ-ਵੱਖ ਟੀਮਾਂ ਨੂੰ ਘਟਨਾ ਸਥਾਨ ’ਤੇ ਭੇਜਿਆ ਗਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ। ਸਾਰੀਆਂ ਸਬੰਧਤ ਏਜੰਸੀਆਂ ਇਸ ਸਮੇਂ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਧਮਾਕਾ ਰਾਤ 9:50 ਵਜੇ ਦੇ ਕਰੀਬ ਹੋਇਆ। ਇਸ ਘਟਨਾ ਵਿੱਚ ਇੱਕ ਮਾਲ ਗੱਡੀ ਦਾ ਡਰਾਈਵਰ ਜ਼ਖਮੀ ਹੋ ਗਿਆ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਰੇਲਵੇ ਟਰੈਕ ਅਤੇ ਆਲੇ-ਦੁਆਲੇ ਦੇ ਖੇਤਰ ਦਾ ਮੁਆਇਨਾ ਕੀਤਾ ਗਿਆ ਹੈ, ਜਦੋਂ ਕਿ ਫੋਰੈਂਸਿਕ ਅਤੇ ਹੋਰ ਤਕਨੀਕੀ ਟੀਮਾਂ ਵੀ ਸਬੂਤ ਇਕੱਠੇ ਕਰ ਰਹੀਆਂ ਹਨ। ਡੀਆਈਜੀ ਨੇ ਸਪੱਸ਼ਟ ਕੀਤਾ ਕਿ ਇਸ ਘਟਨਾ ਨੂੰ ਅਤਿਵਾਦੀ ਹਮਲਾ ਕਹਿਣਾ ਜਲਦਬਾਜ਼ੀ ਹੋਵੇਗੀ। ਸ਼ੁਰੂ ਵਿੱਚ, ਇਸ ਨੂੰ ਇੱਕ ਅਪਰਾਧਿਕ ਘਟਨਾ ਮੰਨਿਆ ਜਾ ਰਿਹਾ ਹੈ, ਪਰ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ। ਪੁਲੀਸ ਨੇ ਕਿਹਾ ਕਿ ਧਮਾਕੇ ਦੇ ਕਾਰਨਾਂ ਅਤੇ ਜ਼ਿੰਮੇਵਾਰਾਂ ਬਾਰੇ ਅਧਿਕਾਰਤ ਜਾਣਕਾਰੀ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਘਟਨਾ ਤੋਂ ਬਾਅਦ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ, ਅਤੇ ਰੇਲਵੇ ਅਤੇ ਪੁਲੀਸ ਪ੍ਰਸ਼ਾਸਨ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ।

# ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਖੇਡੇਗਾ ਟੀ-20 ਵਿਸ਼ਵ ਕੱਪ

**ਨਵੀਂ ਦਿੱਲੀ, 25 ਜਨਵਰੀ**
**--ਕੌਮੀ ਪੱਤ੍ਰਿਕਾ ਬਿਊਰੋ-**

ਇੰਟਰਨੈਸ਼ਨਲ ਕ੍ਰਿਕਟ ਕਾਊਂਸਲ (ਆਈਸੀਸੀ) ਨੇ ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਦੀ ਟੀਮ ਨੂੰ ਆਉਣ ਵਾਲੇ ਟੀ-20 ਵਿਸ਼ਵ ਕੱਪ ਵਿਚ ਸ਼ਾਮਲ ਕਰ ਲਿਆ ਹੈ। ਆਈਸੀਸੀ ਨੇ ਇਸ ਸਬੰਧੀ ਬੰਗਲਾਦੇਸ਼ ਕ੍ਰਿਕਟ ਬੋਰਡ (ਬੀਸੀਬੀ) ਨੂੰ ਅਧਿਕਾਰਤ ਤੌਰ ’ਤੇ ਸੂਚਿਤ ਕਰ ਦਿੱਤਾ ਹੈ। ਇਹ ਫੈਸਲਾ ਆਈਸੀਸੀ ਦੇ ਚੇਅਰਮੈਨ ਜੈ ਸ਼ਾਹ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਦੁਬਈ ਵਿੱਚ ਲਿਆ ਤੇ ਇਸ ਸਬੰਧੀ ਦੇਰ ਸ਼ਾਮ ਬੀਸੀਬੀ ਦੇ ਚੇਅਰਮੈਨ ਅਮੀਨੁਲ ਇਸਲਾਮ ਬੁਲਬੁਲ ਨੂੰ ਈਮੇਲ ਭੇਜ ਕੇ ਗਲੋਬਲ ਬਾਡੀ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ ਹੈ।



ਆਈਸੀਸੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬੀਸੀਬੀ ਦੇ ਚੇਅਰਮੈਨ ਨੂੰ ਕੱਲ੍ਹ ਸ਼ਾਮ ਇੱਕ ਈਮੇਲ ਭੇਜੀ ਗਈ ਸੀ ਜਿਸ ਵਿੱਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਬੋਰਡ ਨੇ 24 ਘੰਟੇ ਦੀ ਸਮਾਂ ਸੀਮਾ ਤੋਂ ਬਾਅਦ ਅਧਿਕਾਰਤ ਤੌਰ ’ਤੇ ਆਈਸੀਸੀ ਨਾਲ ਸੰਪਰਕ ਨਹੀਂ ਕੀਤਾ ਤੇ ਨਾ ਹੀ ਭਾਰਤ ਖੇਡਣ ਆਉਣ ਬਾਰੇ ਦੱਸਿਆ। ਬੰਗਲਾਦੇਸ਼ ਵਲੋਂ ਭਾਰਤ ਵਿਚ ਖੇਡਣ ਤੋਂ ਇਨਕਾਰ ਕਰਨ ’ਤੇ ਸਕਾਟਲੈਂਡ ਦੀ ਟੀਮ ਨੂੰ ਵਿਸ਼ਵ ਕੱਪ ਵਿਚ ਬੰਗਲਾਦੇਸ਼ ਦੀ ਥਾਂ ਸ਼ਾਮਲ ਕੀਤਾ ਗਿਆ ਹੈ।

ਇਸ ਤਰ੍ਹਾਂ ਸਕਾਟਲੈਂਡ ਆਪਣੇ ਚਾਰ ਗਰੁੱਪ ਲੀਗ ਮੈਚ ਵੈਸਟ ਇੰਡੀਜ਼ (7 ਫਰਵਰੀ), ਇਟਲੀ (9 ਫਰਵਰੀ) ਅਤੇ ਇੰਗਲੈਂਡ (14 ਫਰਵਰੀ) ਵਿਰੁੱਧ ਕੋਲਕਾਤਾ ਵਿੱਚ ਖੇਡੇਗਾ ਅਤੇ ਉਸ ਤੋਂ ਬਾਅਦ 17 ਫਰਵਰੀ ਨੂੰ ਮੁੰਬਈ ਵਿੱਚ ਨੇਪਾਲ ਵਿਰੁੱਧ ਮੈਚ ਖੇਡੇਗਾ।

ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਭਾਵੇਂ ਆਈਸੀਸੀ ਦੀ ਵਿਵਾਦ ਨਿਪਟਾਰਾ ਕਮੇਟੀ (ਡੀਆਰਸੀ) ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਭਾਰਤ ਦੀ ਥਾਂ ਸ੍ਰੀਲੰਕਾ ਵਿੱਚ ਟੀ-20 ਵਿਸ਼ਵ ਕੱਪ ਮੈਚ ਕਰਵਾਉਣ ਬਾਰੇ ਫੈਸਲਾ ਲਵੇ ਪਰ ਬੰਗਲਾਦੇਸ਼ ਦੀ ਅਪੀਲ ’ਤੇ ਸੁਣਵਾਈ ਨਹੀਂ ਹੋਵੇਗੀ ਕਿਉਂਕਿ ਇਹ ਮਾਮਲਾ ਇਸ ਕਮੇਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

ਬੰਗਲਾਦੇਸ਼ ਦੇ ਇਕ ਅਧਿਕਾਰੀ ਨੇ ਕਿਹਾ ਸੀ ਕਿ ਬੀਸੀਬੀ ਨੇ ਆਈਸੀਸੀ ਦੇ ਡੀਆਰਸੀ ਨਾਲ ਸੰਪਰਕ ਕੀਤਾ ਹੈ। ਜੇਕਰ ਡੀਆਰਸੀ ਬੀਸੀਬੀ ਖ਼ਿਲਾਫ਼ ਫੈਸਲਾ ਸੁਣਾਉਂਦੀ ਹੈ ਤਾਂ ਇਸ ਤੋਂ ਬਾਅਦ ਇਕ ਹੀ ਸੰਸਥਾ ਰਹਿ ਜਾਂਦੀ ਹੈ ਜਿਸ ਨਾਲ ਇਸ ਮਾਮਲੇ ’ਤੇ ਸੰਪਰਕ ਕੀਤਾ ਜਾ ਸਕਦਾ ਹੈ, ਇਹ ਸੰਸਥਾ ਸਵਿਟਜ਼ਰਲੈਂਡ ਵਿੱਚ ਕੋਰਟ ਆਫ਼ ਆਰਬੀਟਰੇਸ਼ਨ ਆਫ਼ ਸਪੋਰਟਸ (ਸੀਏਐਸ) ਹੈ।ਇਸ ਤੋਂ ਇਕ ਦਿਨ ਪਹਿਲਾਂ ਬੰਗਲਾਦੇਸ਼ ਕ੍ਰਿਕਟ ਬੋਰਡ (ਬੀਸੀਬੀ) ਨੇ ਅੰਤਰਰਾਸ਼ਟਰੀ ਕ੍ਰਿਕਟ (ਡੀਆਰਸੀ) ਨੂੰ ਆਉਣ ਵਾਲੇ ਆਈਸੀਸੀ ਟੀ-20 ਵਿਸ਼ਵ ਕੱਪ ਲਈ ਬੰਗਲਾਦੇਸ਼ ਦੇ ਮੈਚਾਂ ਨੂੰ ਭਾਰਤ ਤੋਂ ਬਾਹਰ ਤਬਦੀਲ ਕਰਨ ਬਾਰੇ ਦਖਲ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸੰਸਥਾ ਬੰਗਲਾਦੇਸ਼ ਦੇ ਖਿਡਾਰੀਆਂ ਦੇ ਹਿੱਤ ਅਨੁਸਾਰ ਫੈਸਲਾ ਲਵੇ ਤੇ ਮੈਚ ਭਾਰਤ ਦੀ ਥਾਂ ਸ੍ਰੀਲੰਕਾ ਵਿਚ ਕਰਵਾਏ ਜਾਣ।

ਆਈਸੀਸੀ ਵਿਵਾਦ ਨਿਪਟਾਰਾ ਕਮੇਟੀ ਇੱਕ ਸੁਤੰਤਰ ਸਾਲਸੀ ਸੰਸਥਾ ਹੈ ਜੋ ਆਈਸੀਸੀ, ਇਸ ਦੇ ਮੈਂਬਰ ਬੋਰਡਾਂ, ਖਿਡਾਰੀਆਂ ਅਤੇ ਅਧਿਕਾਰੀਆਂ ਨਾਲ ਜੁੜੇ ਵਿਵਾਦਾਂ ਨਾਲ ਨਜਿੱਠਦੀ ਹੈ।

ਇਸ ਤੋਂ ਪਹਿਲਾਂ ਬੰਗਲਾਦੇਸ਼ ਕ੍ਰਿਕਟ ਬੋਰਡ (232) ਵੱਲੋਂ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (933) ਨੂੰ ਆਪਣੇ ਖਿਡਾਰੀਆਂ ਦੀ ਸੁਰੱਖਿਆ ਕਾਰਨਾਂ ਕਰ ਕੇ ਮੈਚ ਭਾਰਤ ਤੋਂ ਬਾਹਰ ਤਬਦੀਲ ਕਰਨ ਲਈ ਕਿਹਾ ਗਿਆ ਸੀ।

ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਅਤੇ ਇਸ ਦੇ ਖੇਡ ਮੰਤਰਾਲੇ ਦੇ ਸਲਾਹਕਾਰ ਅਤੇ ਭਾਰਤ ਵਿਰੋਧੀ ਕੱਟੜਪੰਥੀ ਆਸਿਫ ਨਜ਼ਰੁਲ ਨੇ ਐਲਾਨ ਕੀਤਾ ਸੀ ਕਿ ਟੀਮ ਸੁਰੱਖਿਆ ਕਾਰਨਾਂ ਕਰਕੇ ਭਾਰਤ ਦੀ ਯਾਤਰਾ ਨਹੀਂ ਕਰੇਗੀ। ਇਸ ਤੋਂ ਪਹਿਲਾਂ ਬੰਗਲਾਦੇਸ਼ ਦੇ ਸੀਨੀਅਰ ਤੇਜ਼ ਗੇਂਦਬਾਜ਼ ਮੁਸਤਫਿਜ਼ੁਰ ਰਹਿਮਾਨ ਨੂੰ ਬੀਸੀਸੀਆਈ ਦੇ ਹੁਕਮ ’ਤੇ ਕੋਲਕਾਤਾ ਨਾਈਟ ਰਾਈਡਰਜ਼ ਟੀਮ ਤੋਂ ਹਟਾ ਦਿੱਤਾ ਗਿਆ ਸੀ

# ਬੰਗਲਾਦੇਸ਼ ਦੀ ਥਾਂ ਆਪਣੇ ਮੈਚਾਂ ਵੱਲ ਧਿਆਨ ਦੇਵੇ ਪਾਕਿ ਟੀਮ: ਵਸੀਮ ਅਕਰਮ

**ਲਾਹੌਰ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਗਲਾਦੇਸ਼ ਤੇ ਆਈਸੀਸੀ ਵਿਚਕਾਰ ਆਗਾਮੀ ਆਈਸੀਸੀ ਟੀ-20 ਵਿਸ਼ਵ ਕੱਪ ਵਿੱਚ ਬੰਗਲਾਦੇਸ਼ ਦੀ ਸ਼ਮੂਲੀਅਤ ਨੂੰ ਲੈ ਕੇ ਚੱਲ ਰਹੇ ਟਕਰਾਅ ਦਰਮਿਆਨ ਪਾਕਿਸਤਾਨ ਦੇ ਮਹਾਨ ਗੇਂਦਬਾਜ਼ ਵਸੀਮ ਅਕਰਮ ਨੇ ਕਥਿਤ ਆਪਣੀ ਕੌਮੀ ਟੀਮ ਨੂੰ ਸ਼ਾਂਤ ਰਹਿਣ ਅਤੇ ਸ੍ਰੀਲੰਕਾ ਵਿੱਚ ਹੋਣ ਵਾਲੇ ਆਪਣੇ ਮੈਚਾਂ ਵੱਲ ਧਿਆਨ ਦੇਣ ਦਾ ਸੁਝਾਅ ਦਿੱਤਾ ਹੈ। ਕਾਬਿਲੇਗੌਰ ਹੈ ਕਿ ਅਜਿਹੀ ਚਰਚਾ ਹੈ ਕਿ ਬੰਗਲਾਦੇਸ਼ ਦੇ ਟੀ20 ਵਿਸ਼ਵ ਕੱਪ ਤੋਂ ਲਾਂਭੇ ਹੋਣ ਦੀ ਸਥਿਤੀ ਵਿਚ ਉਸ ਦੀ ਥਾਂ ਸਕਾਟਲੈਂਡ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਸੂਤਰਾਂ ਦੀ ਮੰਨੀਏ ਤਾਂ ਜਲਦੀ ਹੀ ਇਸ ਸਬੰਧੀ ਐਲਾਨ ਹੋ ਸਕਦਾ ਹੈ।



ਕਰਨ ਬਾਰੇ ਕਿਉਂ ਸੋਚ ਰਿਹਾ ਹੈ ਕਿਉਂਕਿ ਬੰਗਲਾਦੇਸ਼ ਖੇਡਣਾ ਨਹੀਂ ਚਾਹੁੰਦਾ? ਬੰਗਲਾਦੇਸ਼ ਨੇ ਪਾਕਿਸਤਾਨ ਕ੍ਰਿਕਟ ਲਈ ਕੀ ਕੀਤਾ ਹੈ? ਮੈਨੂੰ ਇਸ ਵਿੱਚ ਕੋਈ ਮਤਲਬ ਨਹੀਂ ਦਿਖਦਾ। ਪਾਕਿਸਤਾਨ ਦੀ ਕ੍ਰਿਕਟ ਟੀਮ ਨੂੰ ਖ਼ੁਦ ’ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਖੇਡ ਵੱਲ ਧਿਆਨ ਦਿਓ ਤੇ ਵਿਸ਼ਵ ਗੁੱਸਾ ਮਨਾਇਆ ਹੈ। ਭਾਰਤ ਦੇ ਸਾਬਕਾ ਕਪਤਾਨ ਮੁਹੰਮਦ ਅਜ਼ਹਰੂਦੀਨ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਜੇਕਰ ਬੰਗਲਾਦੇਸ਼ ਟੀ-20 ਵਿਸ਼ਵ ਕੱਪ 2026 ਤੋਂ ਹਟ ਜਾਂਦਾ ਹੈ ਤਾਂ ਉਹ ਹਾਰਨ ਵਾਲੀ ਇੱਕੋ ਇੱਕ ਟੀਮ ਹੋਵੇਗੀ। ਅਜ਼ਹਰੂਦੀਨ ਨੇ ਦੁਹਰਾਇਆ ਕਿ ਭਾਰਤ ਵਿੱਚ ਕੋਈ ਸੁਰੱਖਿਆ ਚਿੰਤਾਵਾਂ ਨਹੀਂ ਹਨ। ਸਾਬਕਾ ਕਪਤਾਨ ਨੇ ਏਐੱਨਆਈ ਨਾਲ ਗੱਲਬਾਤ ਕਰਦਿਆਂ ਕਿਹਾ, “ਜੇਕਰ ਉਹ ਨਹੀਂ ਆਉਂਦੇ, ਤਾਂ ਇਹ ਉਨ੍ਹਾਂ ਦਾ ਨੁਕਸਾਨ ਹੈ।

ਉਹ ਸਾਡੀ ਸੁਰੱਖਿਆ ਪ੍ਰਣਾਲੀ ਬਾਰੇ ਸ਼ਿਕਾਇਤ ਨਹੀਂ ਕਰ ਸਕਦੇ। ਬਹੁਤ ਸਾਰੇ ਅੰਤਰਰਾਸ਼ਟਰੀ ਮੈਚ ਚੱਲ ਰਹੇ ਹਨ, ਅਤੇ ਕਿਸੇ ਵੀ ਟੀਮ ਨੇ ਸ਼ਿਕਾਇਤ ਨਹੀਂ ਕੀਤੀ ਹੈ। ਜੇਕਰ ਉਹ ਨਹੀਂ ਆਉਂਦੇ, ਤਾਂ ਇਹ ਉਨ੍ਹਾਂ ਦਾ ਨੁਕਸਾਨ ਹੋਵੇਗਾ ਅਤੇ ਉਨ੍ਹਾਂ ਦੇ ਖਿਡਾਰੀਆਂ ਦਾ ਨੁਕਸਾਨ

# ਮਹਿੰਦਰਾ ਗਰੁੱਪ ਪੰਜਾਬ ਵਿੱਚ ਨਿਵੇਸ਼ ਨਾਲ ਆਪਣੇ ਵਪਾਰਕ ਆਧਾਰ ਨੂੰ ਲਗਾਤਾਰ ਮਜ਼ਬੂਤੀ ਦੇ ਰਿਹੈ: ਸੰਜੀਵ ਅਰੋੜਾ



**ਚੰਡੀਗੜ੍ਹ, 25 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਮਹਿੰਦਰਾ ਐਂਡ ਮਹਿੰਦਰਾ ਭਾਰਤ ਦੇ ਮੋਹਰੀ ਬਹੁ-ਕੌਮੀ ਗਰੁੱਪਾਂ ਵਿੱਚੋਂ ਇੱਕ ਹੈ ਜਿਸਨੇ ਆਟੋਮੋਟਿਵ, ਖੇਤੀ ਉਪਕਰਣ, ਵਿੱਤੀ ਸੇਵਾਵਾਂ, ਨਿਰਮਾਣ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਵਿੱਚ ਆਪਣੀ ਮਜ਼ਬੂਤ ਜਗ੍ਹਾ ਬਣਾਈ ਹੈ। ਇਸ ਗਰੁੱਪ ਕੋਲ ਵਿਸ਼ਵ ਪੱਧਰ ’ਤੇ

ਪੂਰੀਆਂ ਕਰਨ ਵਾਲੇ ਟਰੱਕਾਂ, ਬੱਸਾਂ ਅਤੇ ਵਿਸ਼ੇਸ਼-ਉਦੇਸ਼ ਵਾਲੇ ਵਾਹਨਾਂ ਦੇ ਨਿਰਮਾਣ ਵਿੱਚ ਮਜ਼ਬੂਤ ਸਥਿਤੀ ਹੈ।

ਕੰਪਨੀ ਨੇ ਪਹਿਲਾਂ ਹੀ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ), ਪੰਜਾਬ ਵਿਖੇ ਸਥਿਤ ਆਪਣੀ ਨਿਰਮਾਣ ਸਹੂਲਤ ਵਿੱਚ ਲਗਭਗ 500 ਕਰੋੜ ਰੁਪਏ ਦਾ ਵੱਡਾ ਨਿਵੇਸ਼ ਕੀਤਾ ਹੈ। ਇਹ ਯੂਨਿਟ ਇੱਕ ਪੂਰੀ ਤਰ੍ਹਾਂ ਏਕੀਕ੍ਰਿਤ ਆਟੋਮੋਬਾਈਲ

ਸ. ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਸੂਬਾ ਤੇਜ਼ੀ ਨਾਲ ਦੇਸ਼ ਵਿੱਚ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਵਜੋਂ ਉੱਭਰ ਰਿਹਾ ਹੈ।

ਉਨ੍ਹਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਪੰਜਾਬ ਦਾ ਨਿਵੇਸ਼ਕ-ਅਨੁਕੂਲ ਸ਼ਾਸਨ, ਪਾਰਦਰਸ਼ੀ ਨੀਤੀਆਂ, ਸਮਾਂਬੱਧ ਪ੍ਰਵਾਨਗੀਆਂ, ਮਜ਼ਬੂਤ ਉਦਯੋਗਿਕ ਬੁਨਿਆਦੀ ਢਾਂਚਾ ਅਤੇ ਹੁਨਰਮੰਦ ਕਾਰਜਬਲ ਪ੍ਰਮੁੱਖ ਉਦਯੋਗਿਕ ਘਰਾਣਿਆਂ ਵਿੱਚ ਨਵਾਂ ਵਿਸ਼ਵਾਸ ਪੈਦਾ ਕਰ ਰਹੇ ਹਨ।

ਕੈਬਨਿਟ ਮੰਤਰੀ ਨੇ ਮਾਣ ਨਾਲ ਇਹ ਵੀ ਕਿਹਾ ਕਿ ਮਹਿੰਦਰਾ ਗਰੁੱਪ ਦੇ ਚੇਅਰਮੈਨ ਸ੍ਰੀ ਆਨੰਦ ਮਹਿੰਦਰਾ ਦੀਆਂ ਜੜ੍ਹਾਂ ਲੁਧਿਆਣਾ, ਪੰਜਾਬ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ, ਜੋ ਕਿ ਦੇਸ਼ ਦੇ ਸਭ ਤੋਂ ਸਤਿਕਾਰਤ ਉਦਯੋਗਿਕ ਪਰਿਵਾਰਾਂ ਵਿੱਚੋਂ ਇੱਕ ਮਹਿੰਦਰਾ ਗਰੁੱਪ ਨਾਲ ਸੂਬੇ ਦੇ ਡੂੰਘੇ




# ਸੈਰ ਕਰਨ ਦੇ ਫ਼ਾਇਦੇ



ਤੁਰਨਾ-ਫ਼ਿਰਨਾ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਨੂੰ ਤਾਜ਼ਗੀ ਅਤੇ ਮਜ਼ਬੂਤੀ ਪ੍ਰਦਾਨ ਕਰਨ ਤੋਂ ਇਲਾਵਾ ਸਵੈ-ਵਿਸ਼ਵਾਸ ਵੀ ਪੈਦਾ ਕਰਦਾ ਹੈ ਪਰ ਅੱਜ-ਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਸਾਡੇ ਲਈ ਆਪਣੀ ਸਿਹਤ ਲਈ ਸਮਾਂ ਕੱਢਣਾ ਬਹੁਤ ਔਖਾ ਹੋ ਗਿਆ ਹੈ, ਜਿਸ ਕਰਕੇ ਸਰੀਰ 'ਤੇ ਤਣਾਅ-ਚਿੰਤਾ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਮਨੁੱਖ ਅਨੇਕਾਂ ਬਿਮਾਰੀਆਂ ਵਿੱਚ ਘਿਰਦਾ ਜਾ ਰਿਹਾ ਹੈ। ਬਹੁਤੀਆਂ ਬਿਮਾਰੀਆਂ ਦੀ ਜੜ੍ਹ ਚਿੰਤਾ ਹੀ ਹੈ। ਚਿੰਤਾ ਤੰਦਰੁਸਤ ਸਰੀਰ ਨੂੰ ਵੀ ਖੋਖਲਾ ਬਣਾ ਦਿੰਦੀ ਹੈ ਤੇ ਮਰੀਜ਼ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਨ੍ਹਾਂ ਸਭ ਨਤੀਜਿਆਂ ਤੋਂ ਬਚਣ ਵਾਸਤੇ ਸੈਰ ਕਰਨੀ ਬੇਹੱਦ ਜ਼ਰੂਰੀ ਹੈ। ਰੋਜ਼ਾਨਾ ਅੱਧੇ ਘੰਟੇ ਦੀ ਸੈਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਲਾਭਦਾਇੱਕ ਸਿੱਧ ਹੋਈ ਹੈ।

ਸੈਰ ਕਰਨ ਦੇ ਫ਼ਾਇਦੇ

➢ ਰੋਜ਼ਾਨਾ ਸੈਰ ਕਰਨ ਨਾਲ ਮਨ ਖਿੜਿਆ ਰਹਿੰਦਾ ਹੈ। ਇਸ ਨਾਲ ਸਰੀਰ ਦੇ ਸੈੱਲ ਵੀ ਤਰੋ-ਤਾਜ਼ਾ ਹੋ ਜਾਂਦੇ ਹਨ ਅਤੇ ਮੁੜ ਊਰਜਾਵਾਨ ਹੋ ਕੇ ਆਪਣੇ ਕੰਮਾਂ ਵਿੱਚ ਜੁਟ ਜਾਂਦੇ ਹਨ।

➢ ਹਫ਼ਤੇ ਵਿੱਚ ਤਿੰਨ ਵਾਰੀ ਕੀਤੀ 30 ਮਿੰਟਾਂ ਦੀ ਸੈਰ ਦਿਲ ਲਈ ਫ਼ਾਇਦੇਮੰਦ ਸਾਬਤ ਹੋਈ ਹੈ। ਇਹ ਦਿਲ ਅਤੇ ਫ਼ੇਫ਼ੜਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਹੌਲੀ- ਹੌਲੀ ਸਰੀਰ ਦੀ ਸੈਰ ਕਰਨ ਅਤੇ ਬਿਨਾਂ ਥਕਾਵਟ ਤੋਂ ਕੰਮ ਕਰਨ ਦੀ ਸਮਰੱਥਾ ਵਧਦੀ ਹੈ।

➢ ਸੈਰ ਕਰਨ ਨਾਲ ਕੋਲੈਸਟ੍ਰੋਲ ਵੀ ਘਟਦਾ ਹੈ, ਜਿਸ ਨਾਲ ਦਿਲ ਜਵਾਨ ਰਹਿੰਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘਟ ਜਾਂਦਾ ਹੈ।

➢ ਸੈਰ ਕਰਨ ਨਾਲ ਚਿੰਤਾ ਵਧਾਉਣ ਵਾਲੇ ਹਾਰਮੋਨ ਘਟ ਜਾਂਦੇ ਹਨ ਅਤੇ 'ਬੀਟਾ ਐਂਡੋਰਫ਼ਿਨ' ਨਾਮਕ ਚਿੰਤਾ ਘਟਾਉਣ ਵਾਲੇ ਹਾਰਮੋਨ ਵਧ ਜਾਂਦੇ ਹਨ। ਇਸ ਤਰ੍ਹਾਂ ਸੈਰ ਤਣਾਅਗ੍ਰਸਤ ਰੋਗੀਆਂ ਲਈ ਕਾਫ਼ੀ ਕਾਰਗਰ ਸਾਬਤ ਹੋਈ ਹੈ।

➢ ਤਕਰੀਬਨ 20 ਮਿੰਟਾਂ ਦੀ ਤੇਜ਼ ਸੈਰ ਕਰਨ ਤੋਂ ਬਾਅਦ ਹੌਲੀ-ਹੌਲੀ ਰਫ਼ਤਾਰ ਘਟਾ ਦੇਣੀ ਚਾਹੀਦੀ ਹੈ। ਇਸ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਅਤੇ ਮਾਸਪੇਸ਼ੀਆਂ ਦੀ ਲਚਕਤਾ ਵਧਦੀ ਹੈ।

➢ ਉਮਰ ਦੇ ਨਾਲ ਹੱਡੀਆਂ ਕਮਜ਼ੋਰ ਹੋ ਕੇ ਭੁਰਨ ਲੱਗ ਜਾਂਦੀਆਂ ਹਨ। ਇਸ 'ਓਸਟੀਓਪੋਰੋਸਿਸ' ਨਾਮਕ ਬਿਮਾਰੀ ਤੋਂ ਬਚਣ ਲਈ ਹਫ਼ਤੇ ਵਿੱਚ ਚਾਰ ਵਾਰੀ ਅੱਧਾ ਘੰਟਾ ਸੈਰ ਲਈ ਜ਼ਰੂਰ ਜਾਣਾ ਚਾਹੀਦਾ ਹੈ।

➢ ਸੈਰ ਮਾਨਸਿਕ ਤੌਰ 'ਤੇ ਵੀ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਸੈਰ ਕਰਨ ਤੋਂ ਬਾਅਦ ਸਰੀਰ ਥਕਾਵਟ ਮਹਿਸੂਸ ਕਰਦਾ ਹੈ ਅਤੇ ਇਸ ਤਰ੍ਹਾਂ ਨੀਂਦ ਵੀ ਵਧੀਆ ਆਉਂਦੀ ਹੈ।

➢ ਸਰੀਰ ਦਾ ਸੁਰੱਖਿਆਤੰਤਰ ਵੀ ਸੈਰ ਕਰਨ ਨਾਲ ਮਜ਼ਬੂਤ ਹੁੰਦਾ ਹੈ ਅਤੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧ ਜਾਂਦੀ ਹੈ।

➢ ਸ਼ੂਗਰ ਦੇ ਮਰੀਜ਼ਾਂ ਲਈ ਰੋਜ਼ਾਨਾ ਅੱਧੇ ਘੰਟੇ ਦੀ ਸੈਰ ਬਹੁਤ ਜ਼ਰੂਰੀ ਹੈ। ਰੋਜ਼ਾਨਾ ਸੈਰ ਕਰਨ ਨਾਲ ਕੈਂਸਰ ਦਾ ਖ਼ਤਰਾ ਵੀ ਘਟ ਜਾਂਦਾ ਹੈ। ਸੈਰ ਕਰਨ ਨਾਲ ਭਾਰ ਘਟਦਾ ਹੈ ਅਤੇ ਬਲੱਡ-ਪ੍ਰੈਸ਼ਰ ਵੀ ਠੀਕ ਰਹਿੰਦਾ ਹੈ। ਇਸ ਕਰਕੇ ਬਲੱਡ-ਪ੍ਰੈਸ਼ਰ ਜ਼ਿਆਦਾ ਰਹਿਣ ਵਾਲੇ ਮਰੀਜ਼ਾਂ ਲਈ ਸੈਰ ਬਹੁਤ ਜ਼ਰੂਰੀ ਹੈ।

## ਛੋਟੀਆਂ-ਛੋਟੀਆਂ ਤਕਲੀਫ਼ਾਂ ਨੂੰ ਇਨ੍ਹਾਂ ਘਰੇਲੂ ਨੁਸਖਿਆਂ ਨਾਲ ਕਰੋ ਦੂਰ

ਛੋਟੀਆਂ-ਛੋਟੀਆਂ ਸਰੀਰਿਕ ਤਕਲੀਫ਼ਾਂ ਸਾਰਿਆਂ ਨੂੰ ਕਦੇ ਨਾ ਕਦੇ ਹੁੰਦੀਆਂ ਹਨ। ਜੇਕਰ ਤੁਸੀਂ ਘਰ 'ਚ ਹੀ ਅਜਿਹੀਆਂ ਤਕਲੀਫ਼ਾਂ ਦਾ ਇਲਾਜ ਕਰਨਾ ਚਾਹੁੰਦੇ ਹਨ ਤਾਂ ਅੱਜ ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਅਜਿਹੇ ਮਹੱਤਵਪੂਰਨ ਘਰੇਲੂ ਘਰੇਲੂ ਨੁਸਖੇ ਜਿਨ੍ਹਾਂ ਦਾ ਪਤਾ ਹੋਣ 'ਤੇ ਤੁਸੀਂ ਕੁਝ ਰੋਗਾਂ ਦਾ ਇਲਾਜ ਖ਼ੁਦ ਕਰ ਸਕਦੇ ਹੋ।

ਪੇਟ ਦਰਦ:- ਅੱਧਾ ਚਮਚ ਹਲਦੀ ਅਤੇ ਅੱਧਾ ਚਮਚ ਨਮਕ ਮਿਲਾ ਕੇ ਠੰਡੇ ਪਾਣੀ ਨਾਲ ਖਾ ਲਓ। ਪੇਟ ਦਰਦ 'ਚ ਤੁਰੰਤ ਆਰਾਮ ਮਿਲੇਗਾ।

ਵਾਲਾਂ ਦਾ ਝੜਨਾ:- ਜੇਕਰ ਤੁਹਾਡੇ ਵਾਲਾਂ 'ਚ ਰੂਸੀ ਹੈ ਜਾਂ ਫ਼ਿਰ ਤੁਹਾਡੇ ਵਾਲ ਝੜ ਰਹੇ ਹਨ ਤਾਂ ਪਪੀਤੇ ਦਾ ਪੇਸਟ ਬਣਾ ਕੇ ਵਾ ਦੀਆਂ ਜੜ੍ਹਾਂ 'ਤੇ 10 ਮਿੰਟ ਲਗਾਓ। ਉਸ ਤੋਂ ਬਾਅਦ ਵਾਲ ਧੋ ਲਓ। ਅਜਿਹਾ ਕਰਨ ਨਾਲ ਤੁਹਾਡੇ ਵਾਲਾ ਨਹੀਂ ਝੜਨਗੇ।



ਖ਼ੂਨ ਦੀ ਖਰਾਬੀ:- ਖ਼ੂਨ ਸਾਫ਼ ਹੈ ਤਾਂ 1 ਚਮਚ ਸ਼ਹਿਦ ਨੂੰ ਅਪ ਗਿਲਾਸ ਪਾਲਕ ਦੇ ਰਸ 'ਚ ਮਿਲਾ ਕੇ 1 ਮਹੀਨੇ ਤੱਕ ਵਰਤੋਂ ਕਰੋ। ਇਹ ਤੁਹਾਡੇ ਖ਼ੂਨ ਵਿਕਾਰ ਨੂੰ ਦੂਰ ਕਰੇਗਾ ਅਤੇ ਖ਼ੂਨ ਨੂੰ ਸਾਫ਼ ਰੱਖੇਗਾ।

ਚਮੜੀ ਪ੍ਰਾਬਲਮ:- ਨਾਰੀਅਲ ਪਾਣੀ 'ਚ ਕੱਚਾ ਦੁੱਧ, ਨਿੰਬੂ ਦਾ ਰਸ, ਬੇਸਨ ਅਤੇ ਚੰਦਨ ਪਾਊਡਰ ਮਿਲਾ ਕੇ ਲੇਪ ਤਿਆਰ ਕਰੋ। ਨਹਾਉਣ ਤੋਂ 15 ਮਿੰਟ ਪਹਿਲਾਂ ਇਹ ਲੇਪ ਚਿਹਰੇ 'ਤੇ ਲਗਾਓ। ਉਸ ਤੋਂ ਬਾਅਦ ਚਿਹਰੇ ਨੂੰ ਧੋ ਲਓ। ਇਹ ਨੁਸਕਾ ਸਕਿੰਮ ਪ੍ਰਾਬਲਮ ਦੂਰ ਕਰਕੇ ਚਿਹਰੇ ਨੂੰ ਚਮਕਦਾਰ ਬਣਾਉਂਦਾ ਹੈ।

ਐਸਡਿਟੀ:- ਭੋਜਨ ਕਰਨ ਤੋਂ ਬਾਅਦ ਤੁਸੀਂ ਥੋੜ੍ਹੇ ਜਿਹੇ ਗੁੜ ਦੀ ਵਰਤੋਂ ਕਰੋ। ਅਜਿਹਾ ਕਰਨ ਨਾਲ ਐਸਡਿਟੀ ਦੀ ਸਮੱਸਿਆ ਖਤਮ ਹੋ ਜਾਵੇਗੀ।

ਸਿਰ ਦਰਦ:- ਇੱਕ ਗਿਲਾਸ ਗਰਮ ਪਾਣੀ 'ਚ ਅੱਧਾ ਨਿੰਬੂ ਦਾ ਰਸ ਪਾ ਕੇ ਪੀਓ। ਸਿਰ ਦਰਦ ਦੂਰ ਹੋ ਜਾਵੇਗਾ।

ਗੈਸਿਟ੍ਰਕ ਟਰੱਬਲ:- ਅਜ਼ਵਾਈਨ ਅਤੇ ਕਾਲਾ ਨਮਕ ਪੀਸ ਕੇ ਸਾਮਾਨ ਮਾਤਰਾ 'ਚ ਮਿਲਾ ਲਓ। ਇਸ ਚੂਰਨ ਨੂੰ ਇੱਕ ਚਮਚ ਮਾਤਰਾ 'ਚ ਗਰਮ ਪਾਣੀ ਨਾਲ ਲਓ। ਗੈਸ ਦੀ ਸਮੱਸਿਆ 'ਚ ਤੁਰੰਤ ਆਰਾਮ ਮਿਲੇਗਾ।

ਜ਼ੁਕਾਮ:- ਜੇਕਰ ਜ਼ੁਕਾਮ ਜਾਂ ਸਰਦੀ ਹੋਵੇ ਤਾਂ ਰਾਤ ਨੂੰ ਸੌਣ ਤੋਂ ਪਹਿਲਾਂ ਗਰਮ ਪਾਣੀ ਪੀ ਕੇ ਸੋ ਜਾਓ। ਜ਼ੁਕਾਮ ਤੋਂ ਰਾਹਤ ਮਿਲੇਗੀ।

# ਨਿਰੋਗੀ ਜੀਵਨ ਦੀ ਨੀਂਹ

• ਡਾ. ਰਿਪੁਦਮਨ ਸਿੰਘ

## ਮਮਤਾ ਦੀ ਅਸੀਸ..

**ਬੱਚੇ ਲਈ ਮਾਂ ਦਾ ਦੁੱਧ ਅੰਮ੍ਰਿਤ ਦੇ ਸਮਾਨ ਹੈ। ਇਸ ਪ੍ਰਕਿਰਿਆ ਨਾਲ ਜਿੱਥੇ ਬੱਚਾਂ ਕਈ ਤਰ੍ਹਾਂ ਦੇ ਰੋਗਾਂ ਤੋਂ ਸੁਰੱਖਿਅਤ ਹੁੰਦਾ ਹੈ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਮਜ਼ਬੂਤ ਹੁੰਦੀ ਹੈ। ਮਾਂ ਅਤੇ ਬੱਚੇ ਦਾ ਭਾਵਨਾਤਮਕ ਸਬੰਧ ਮਜ਼ਬੂਤ ਹੁੰਦਾ ਹੈ। ਖੋਜ ਵਿਚ ਪਾਇਆ ਗਿਆ ਹੈ ਕਿ ਇਕ ਸਾਲ ਤਕ ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਦੀ ਬੌਧਿਕ ਸਮਰੱਥਾ ਆਮ ਨਾਲੋਂ ਵੱਧ ਹੁੰਦੀ ਹੈ। ਵੱਡੇ ਹੋਣ 'ਤੇ ਬੱਚੇ ਵਿਚ ਮੋਟਾਪੇ ਦੀ ਸੰਭਾਵਨਾ ਘਟਦੀ ਹੈ। ਜੇਕਰ ਸਾਰੇ ਬੱਚਿਆਂ ਨੂੰ ਮਾਂ ਦੇ ਦੁੱਧ ਦੇ ਫਾਇਦੇ ਮਿਲਣ ਤਾਂ ਦੁਨੀਆ ਭਰ ਵਿਚ ਹਰ ਸਾਲ 8,23,000 ਬੱਚਿਆਂ ਨੂੰ ਮਰਨ ਤੋਂ ਬਚਾਇਆ ਜਾ ਸਕਦਾ ਹੈ।**



ਭਾਰਤ ਵਿੱਚ ਮਾਂ ਅਤੇ ਬੱਚੇ ਦੀ ਸਿਹਤ ਇਕ ਚਿੰਤਾ ਦਾ ਵਿਸ਼ਾ ਹੈ। ਬੱਚੇ ਲਈ ਮਾਂ ਦਾ ਦੁੱਧ ਅੰਮ੍ਰਿਤ ਸਮਾਨ ਹੈ। ਮਾਂ ਦਾ ਦੁੱਧ ਨਾਲ ਬੱਚੇ ਨੂੰ ਪੋਸ਼ਣ ਦੇ ਨਾਲ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਸਿਹਤ ਮਾਹਿਰ ਬੱਚੇ ਨੂੰ ਜਨਮ ਤੋਂ ਛੇ ਮਹੀਨੇ ਬਾਅਦ ਤਕ ਮਾਂ ਦਾ ਦੁੱਧ ਦਿੱਤੇ ਜਾਣ ਦੀ ਸਿਫ਼ਾਰਿਸ਼ ਕਰਦੇ ਹਨ। ਹਲਕਾ ਅਤੇ ਗੁਣਾਂ ਨਾਲ ਭਰਪੂਰ ਹੋਣ ਕਾਰਨ ਮਾਂ ਦੇ ਦੁੱਧ ਨਾਲ ਬੱਚੇ ਨੂੰ ਪੇਟ ਸਬੰਧੀ ਸਮੱਸਿਆ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ। ਸਰਕਾਰ ਵੱਲੋਂ 'ਮਦਰਸ ਐਬਸੋਲਿਊਟ ਅਫੈਕਸ਼ਨ' (ਮਾਂ) ਪ੍ਰੋਗਰਾਮ ਵੀ ਇਸ ਦਿਸ਼ਾ ਵਿਚ ਅਹਿਮ ਕਦਮ ਹੈ। ਇਸ ਮੁਤਾਬਕ ਭਾਰਤ ਵਿੱਚ ਬੱਚਿਆਂ ਦੀ ਮੌਤ ਦਰ ਅਤੇ ਜੱਚਾ ਮੌਤ ਦਰ ਵਿੱਚ ਤੇਜ਼ੀ ਨਾਲ ਕਮੀ ਆ ਰਹੀ ਹੈ ਅਤੇ ਕਮੀ ਦੀ ਦਰ ਦੁਨੀਆ ਵਿੱਚ ਸਭ ਤੋਂ ਵੱਧ ਹੈ ਪਰ ਸਵਾਲ ਇਹ ਹੈ ਕਿ ਇਸ ਦੇ ਬਾਵਜੂਦ ਆਸ ਮੁਤਾਬਕ ਨਤੀਜੇ ਸਾਹਮਣੇ ਕਿਉਂ ਨਹੀਂ ਆ ਰਹੇ? ਸਵਾਲ ਇਹ ਵੀ ਹੈ ਕਿ ਸਰਕਾਰਾਂ ਜੋ ਕਹਿੰਦੀਆਂ ਹਨ, ਉਸ ਦਾ ਜ਼ਮੀਨੀ ਪੱਧਰ 'ਤੇ ਕੀ ਸੁਨੇਹਾ ਜਾਂਦਾ ਹੈ? ਯੋਜਨਾਵਾਂ/ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆਉਣ ਲਈ ਕਿੰਨੀਆਂ ਢਾਂਚਾਗਤ ਸੁਵਿਧਾਵਾਂ ਉਪਲੱਬਧ ਕਰਾਈਆਂ ਜਾਂਦੀਆਂ ਹਨ ਅਤੇ ਨਿਗਰਾਨੀ-ਤੰਤਰ ਕਿੰਨਾ ਮੁਸਤੈਦ ਰਹਿੰਦਾ ਹੈ? ਵਿਗਿਆਨੀ ਗਵਾਹੀ ਭਰਦੇ ਹਨ ਕਿ ਬੱਚਿਆਂ ਦੇ ਅਸਤਿੱਤਵ ਅਤੇ ਉਨ੍ਹਾਂ ਨੂੰ ਸਿਹਤਮੰਦ ਰੱਖਣ ਵਿੱਚ ਮਾਂ ਦੇ ਦੁੱਧ ਦੀ ਭੂਮਿਕਾ ਅਹਿਮ ਹੈ। ਇਸ ਸਬੰਧੀ ਪ੍ਰਤੀ ਗ਼ਲਤ ਮਾਨਤਾਵਾਂ ਕਾਰਨ 20% ਨਵਜਾਤ ਬੱਚਿਆਂ ਦੀ ਮੌਤ ਹੋ ਜਾਂਦੀ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ 13% ਬੱਚੇ ਇਸ ਕਾਰਨ ਮਰ ਜਾਂਦੇ ਹਨ। ਜੇਕਰ ਸਾਰੇ ਬੱਚਿਆਂ ਨੂੰ ਮਾਂ ਦੇ ਦੁੱਧ ਦੇ ਫਾਇਦੇ ਮਿਲਣ ਤਾਂ ਦੁਨੀਆ ਭਰ ਵਿਚ ਹਰ ਸਾਲ 8,23,000 ਬੱਚਿਆਂ ਨੂੰ ਮਰਨ ਤੋਂ ਬਚਾਇਆ ਜਾ ਸਕਦਾ ਹੈ। ਭਾਰਤ ਵਿੱਚ ਮਾਂ ਦਾ ਦੁੱਧ ਦਿੱਤੇ ਜਾਣ ਨਾਲ ਹਰ ਸਾਲ 1,56,000 ਬੱਚਿਆਂ ਦੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਇਹੀ ਨਹੀਂ, ਛੋਟੇ ਬੱਚਿਆਂ ਵਿੱਚ ਸਾਹ ਸਬੰਧੀ ਇਨਫ਼ੈਕਸ਼ ਦੇ 34,00000 ਅਤੇ ਡਾਇਰੀਆ ਦੇ 39,00000 ਮਾਮਲੇ ਰੋਕੇ ਜਾ ਸਕਦੇ ਹਨ। ਜੇਕਰ ਮਾਵਾਂ ਬੱਚੇ ਨੂੰ ਇੱਕ ਸਾਲ ਤੋਂ ਜ਼ਿਆਦਾ ਦੁੱਧ ਪਿਲਾਉਣ ਤਾਂ ਦੁਨੀਆ ਭਰ ਵਿੱਚ ਥਣ ਕੈਂਸਰ ਨਾਲ ਹੋਣ ਵਾਲੀਆਂ 29,000 ਮੌਤਾਂ ਨੂੰ ਟਾਲਿਆ ਜਾ ਸਕਦਾ ਹੈ। ਸਤੱਨਪਾਨ ਕਰਾਉਣ ਨਾਲ ਔਰਤਾਂ ਨੂੰ ਅੰਡਾਸ਼ੇ ਕੈਂਸਰ ਦਾ ਖ਼ਤਰਾ ਘੱਟ ਹੋ ਸਕਦਾ ਹੈ। ਲੰਬੇ ਸਮੇਂ ਤਕ ਬੱਚਿਆਂ ਨੂੰ ਸਤੱਨਪਾਨ ਕਰਾਉਣ ਤੋਂ ਬੱਚਿਆਂ ਦੇ ਆਈਕਿਊ ਵਿੱਚ 3-4 ਅੰਕਾਂ ਦੀ ਵਾਧਾ ਹੁੰਦਾ ਹੈ। ਲੰਬੇ ਸਮੇਂ ਤਕ ਸਤੱਨਪਾਨ ਕਰਾਉਣ ਨਾਲ ਵੱਡੇ ਹੋਣ 'ਤੇ ਬੱਚੇ ਦਾ ਭਾਰ ਜ਼ਿਆਦਾ ਹੋਣ ਭਾਵ ਮੋਟਾਪੇ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ। ਮਾਂ ਦੇ ਦੁੱਧ ਦੇ ਇਹਨਾਂ ਫਾਇਦਿਆਂ ਤੋਂ ਜਨਤਾ ਨੂੰ ਵਾਕਿਫ਼ ਕਰਾਉਣ ਦੀ ਸਰਕਾਰੀ ਕਵਾਇਦ ਬਹੁਤ ਸਾਲਾਂ ਤੋਂ ਚੱਲ ਰਹੀ ਹੈ ਪਰ ਹਾਸਲ ਕੀ ਹੋਇਆ, ਇਹ ਜਾਣਨਾ ਵੀ ਜ਼ਰੂਰੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਵਿੱਚ 80% ਜਣੇਪੇ ਸਿਹਤ ਸਹੂਲਤਾਂ ਵਿੱਚ ਹੁੰਦੇ ਹਨ ਪਰ ਸਰਕਾਰ ਕੋਲ ਇਸ ਸਵਾਲ ਦਾ ਜਵਾਬ ਨਹੀਂ ਹੈ ਕਿ ਕਿਵੇਂ ਸਿਰਫ਼ 45% ਬੱਚਿਆਂ ਨੂੰ ਹੀ ਜਨਮ ਦੇ ਇੱਕ ਘੰਟੇ ਦੇ ਅੰਦਰ ਸਤੱਨਪਾਨ ਮਿਲ ਪਾਉਂਦਾ ਹੈ। ਇਨ੍ਹੇ ਵੱਡੇ ਫ਼ਾਸਲੇ ਲਈ ਕੌਣ ਜ਼ਿੰਮੇਦਾਰ ਹੈ? ਸਤੱਨਪਾਨ ਨੂੰ ਬੜ੍ਹਾਵਾ ਦੇਣ ਵਾਲੀਆਂ ਸਰਕਾਰੀ ਨੀਤੀਆਂ ਦੀ ਇਹ ਅਸਫਲਤਾ ਚਿੰਤਾ ਦਾ ਵਿਸ਼ਾ ਹੈ। ਦਰਅਸਲ ਸਰਕਾਰੀ ਨੀਤੀਆਂ ਦਾ ਜ਼ੋਰ ਸੰਸਥਾਗਤ ਜਣੇਪੇ ਉੱਤੇ ਰਿਹਾ ਅਤੇ ਹੁਣ ਸਰਕਾਰ ਨੂੰ ਅਹਿਸਾਸ ਹੋਇਆ ਹੈ ਕਿ ਸਿਰਫ਼ ਇਸ ਨਾਲ ਹੀ ਮਕਸਦ ਹਾਸਲ ਨਹੀਂ ਹੋਣ ਵਾਲਾ। ਲਿਹਾਜ਼ਾ ਸਤੱਨਪਾਨ ਨੂੰ ਫੋਕਸ ਕਰਦੇ ਹੋਏ 'ਮਾਂ' ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਪਹਿਲੀ ਵਾਰ ਇਸ ਪ੍ਰੋਗਰਾਮ ਦੇ ਤਹਿਤ ਆਸ਼ਾ ਵਰਕਰਾਂ ਨੂੰ ਮਾਵਾਂ ਨੂੰ ਸਤੱਨਪਾਨ ਲਈ ਉਤਸ਼ਾਹਿਤ ਕਰਨ ਲਈ ਆਰਥਿਕ ਮਿਹਨਤਾਨਾ ਦੇਣ ਦੀ ਮਦ ਰੱਖੀ ਗਈ ਹੈ। ਸਰਕਾਰ ਦਾ ਇਹ ਕਦਮ ਸਫਲਤਾ ਹਾਸਲ ਕਰਨ ਵਿੱਚ ਅਹਿਮ ਸਾਬਤ ਹੋ ਸਕਦਾ ਹੈ। ਇਸ ਲਈ 30 ਕਰੋੜ ਦੀ ਸ਼ੁਰੂਆਤੀ ਰਕਮ ਮਿੱਥੀ ਗਈ ਹੈ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਰਕਾਰ ਆਸ਼ਾ ਅਤੇ ਆਂਗਨਬਾੜੀ ਕਰਮਚਾਰੀਆਂ ਦੇ ਨਾਲ ਨਾਲ ਸਰਕਾਰੀ ਹਸਪਤਾਲਾਂ ਦੀਆਂ ਨਰਸਾਂ ਨੂੰ ਵੀ ਉਤਸ਼ਾਹਿਤ ਕਰਦੀ ਹੈ ਸਤੱਨਪਾਨ ਨੂੰ ਉਤਸ਼ਾਹਿਤ ਕਰਨਾ ਕੇਵਲ ਮਾਂ ਦਾ ਹੀ ਫ਼ਰਜ਼ ਨਹੀਂ ਹੈ, ਸਗੋਂ ਅਜਿਹਾ ਮਾਹੌਲ ਤਿਆਰ ਕਰਨ ਦੀ ਲੋੜ ਹੈ, ਜਿਸ ਵਿੱਚ ਮਾਵਾਂ ਸਹਿਜ ਭਾਵ ਨਾਲ ਇਸ ਕੁਦਰਤੀ ਫ਼ਰਜ਼ ਨਾਲ ਜੁੜ ਸਕਣ। ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦਾਅਵਾ ਕਰਦਾ ਹੈ ਕਿ ਉਸ ਦੇ ਮਾਂ ਪ੍ਰੋਗਰਾਮ ਤਹਿਤ ਔਰਤਾਂ ਦੇ ਨਾਲ ਨਾਲ ਉਨ੍ਹਾਂ ਦੇ ਪਤੀਆਂ ਅਤੇ ਪਰਿਵਾਰਾਂ ਨੂੰ ਸਤੱਨਪਾਨ ਦੇ ਫਾਇਦਾਂ ਬਾਰੇ ਉਚਿਤ ਜਾਣਕਾਰੀ ਦਿੱਤੀ ਜਾਵੇਗੀ। ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਹਰ ਬੱਚੇ ਨੂੰ ਨਿਰੋਗੀ ਜੀਵਨ ਦੀ ਨੀਂਹ ਭਾਵ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਿਚ ਆਪੋ ਆਪਣਾ ਯੋਗਦਾਨ ਪਾਈਏ।

9815200134

**ਜੇਕਰ ਮਾਵਾਂ ਬੱਚੇ ਨੂੰ ਇੱਕ ਸਾਲ ਤੋਂ ਜ਼ਿਆਦਾ ਦੁੱਧ ਪਿਲਾਉਣ ਤਾਂ ਦੁਨੀਆ ਭਰ ਵਿੱਚ ਥਣ ਕੈਂਸਰ ਨਾਲ ਹੋਣ ਵਾਲੀਆਂ 29,000 ਮੌਤਾਂ ਨੂੰ ਟਾਲਿਆ ਜਾ ਸਕਦਾ ਹੈ।**

# ਕਿਵੇਂ ਚੁਸਤ-ਦਰੁਸਤ ਰਹੀਏ ਦਫ਼ਤਰ ਵਿਚ

ਸੁਨੀਤਾ ਗਾਬਾ



ਵੱਡੇ ਸ਼ਹਿਰਾਂ ਵਿਚ ਤਾਂ ਜ਼ਿਆਦਾਤਰ ਲੋਕ ਚਾਹੇ ਮਰਦ ਹੋਣ ਜਾਂ ਔਰਤਾਂ, ਦਫ਼ਤਰਾਂ ਵਿਚ ਕੰਮ ਕਰਦੇ ਹਨ। ਨਿੱਜੀ ਖੇਤਰ ਵਿਚ ਦਫ਼ਤਰਾਂ ਦਾ ਸਮਾਂ ਵੀ ਕੁਝ ਜ਼ਿਆਦਾ ਹੈ। ਇਸ ਨਾਲ ਥਕਾਨ ਹੋਣੀ ਸੁਭਾਵਿਕ ਹੈ। ਇਹ ਥਕਾਨ ਦਫ਼ਤਰ ਵਿਚ ਵੀ ਹੋਣ ਲਗਦੀ ਹੈ, ਕਿਉਂਕਿ ਦਫ਼ਤਰ ਪਹੁੰਚਣ ਲਈ ਕਾਫੀ ਦੂਰੀ ਤੈਅ ਕਰਕੇ ਆਉਣਾ ਪੈਂਦਾ ਹੈ।

ਦੂਰੀ ਦੇ ਨਾਲ ਟ੍ਰੈਫਿਕ ਜਾਮ ਵੀ ਕੰਮਕਾਜੀ ਲੋਕਾਂ ਨੂੰ ਸਵੇਰੇ-ਸਵੇਰੇ ਥਕਾ ਦਿੰਦਾ ਹੈ, ਜਿਸ ਨਾਲ ਸਵੇਰ ਦੀ ਤਾਜ਼ਗੀ ਕੁਝ ਮੁਰਝਾਉਣ ਲਗਦੀ ਹੈ। ਅਜਿਹੇ ਵਿਚ ਤੁਸੀਂ ਦਿਨ ਭਰ ਉਬਾਸੀਆਂ ਲੈਂਦੇ ਹੋਏ ਆਪਣੇ ਕੰਮ ਨੂੰ ਅੱਗੇ ਵਧਾਉਂਦੇ ਹੋ। ਇਹੀ ਕਾਰਨ ਹੈ ਕਿ ਦਫ਼ਤਰ ਦੇ ਕੰਮ ਕਰਨ ਵਿਚ ਮਨ ਵੀ ਨਹੀਂ ਲਗਦਾ। ਜ਼ਰੂਰੀ ਹੈ ਛੋਟਾ ਜਿਹਾ ਬ੍ਰੇਕ ਲੈ ਕੇ ਆਪਣੇ ਮਨ, ਸਰੀਰ ਅਤੇ ਦਿਮਾਗ ਨੂੰ ਤਾਜ਼ਾ ਕਰ ਲਿਆ ਜਾਵੇ।

ਸਵੇਰੇ ਛੇਤੀ ਜਾਗੋ : ਜੇਕਰ ਤੁਹਾਨੂੰ ਦੇਰ ਤੱਕ ਸੌਣ ਦੀ ਆਦਤ ਹੈ ਤਾਂ ਤੁਸੀਂ ਦਿਨ ਭਰ ਆਲਸੀ ਰਹੋਗੇ। ਜੇ ਤੁਸੀਂ ਸਵੇਰੇ ਛੇਤੀ ਜਾਗ ਕੇ ਚੜ੍ਹਦੇ ਸੂਰਜ ਨੂੰ ਦੇਖੋਗੇ ਤਾਂ ਤੁਸੀਂ ਦਿਨ ਭਰ ਚੁਸਤ-ਦਰੁਸਤ ਰਹੋਗੇ। ਸਵੇਰੇ 15-20 ਮਿੰਟ ਦੀ ਸੈਰ ਨੇੜੇ ਦੇ ਪਾਰਕ ਵਿਚ ਕਰੋ। ਸੂਰਜ ਦੀਆਂ ਕਿਰਨਾਂ ਸਾਡੇ ਸਰੀਰ ਨੂੰ ਵਿਟਾਮਿਨ 'ਡੀ' ਪ੍ਰਦਾਨ ਕਰਦੀਆਂ ਹਨ, ਜੋ ਸਾਡੇ ਸਰੀਰ ਅਤੇ ਦਿਮਾਗ ਨੂੰ ਬੂਸਟ ਕਰਦੀਆਂ ਹਨ। ਜੇਕਰ ਅਸੀਂ ਸਵੇਰੇ ਛੇਤੀ ਉਠਾਂਗੇ ਤਾਂ ਸੁਭਾਵਿਕ ਹੈ ਕਿ ਅਸੀਂ ਰਾਤ ਨੂੰ ਸਮੇਂ ਸਿਰ ਸੌਂ ਸਕਾਂਗੇ ਅਤੇ ਨੀਂਦ ਵੀ ਚੰਗੀ ਆਵੇਗੀ।

ਚੁਸਤ ਰਹਿਣ ਲਈ ਪੈਦਲ ਚੱਲੋ : ਜੇਕਰ ਤੁਹਾਡਾ ਫਲੈਟ ਕੁਝ ਜ਼ਿਆਦਾ ਉੱਪਰਲੀ ਮੰਜ਼ਿਲ 'ਤੇ ਹੈ ਅਤੇ ਲਿਫਟ ਦੀ ਸਹੂਲਤ ਹੈ ਤਾਂ ਕੁਝ ਮੰਜ਼ਿਲਾਂ ਪੌੜੀਆਂ ਰਾਹੀਂ ਉੱਤਰੋ ਅਤੇ ਕੁਝ ਲਿਫਟ ਰਾਹੀਂ। ਇਸੇ ਤਰ੍ਹਾਂ ਦਫ਼ਤਰ ਵਿਚ ਵੀ ਪੌੜੀਆਂ ਦੀ ਵਰਤੋਂ ਕਰੋ। ਪੌੜੀਆਂ ਉੱਤਰਨ-ਚੜ੍ਹਨ ਨਾਲ ਤੁਹਾਡਾ ਦਿਲ ਠੀਕ ਤਰ੍ਹਾਂ ਕੰਮ ਕਰੇਗਾ ਅਤੇ ਤੁਸੀਂ ਊਰਜਿਤ ਮਹਿਸੂਸ ਕਰੋਗੇ।

ਨਾਸ਼ਤਾ ਜ਼ਰੂਰ ਲਓ : ਬਹੁਤ ਸਾਰੇ ਲੋਕਾਂ ਨੂੰ ਨਾਸ਼ਤਾ ਨਾ ਲੈਣ ਦੀ ਆਦਤ ਹੁੰਦੀ ਹੈ। ਜੇ ਅਸੀਂ ਸਵੇਰੇ ਨਾਸ਼ਤਾ ਨਹੀਂ ਲਵਾਂਗੇ ਤਾਂ ਸਾਡਾ ਸਰੀਰ ਦਿਨ ਭਰ ਸੁਸਤ ਰਹੇਗਾ। ਰਾਤ ਦੇ ਖਾਣੇ ਤੋਂ ਬਾਅਦ ਦਿਨ ਤੱਕ ਕੁਝ ਨਾ ਖਾਣ ਨਾਲ ਸਰੀਰ ਨੂੰ ਊਰਜਾ ਕਿਥੋਂ ਮਿਲੇਗੀ? ਆਪਣੇ ਸਰੀਰ ਦੀ ਊਰਜਾ ਨੂੰ ਬਰਕਰਾਰ ਰੱਖਣ ਲਈ ਸਵੇਰ ਦਾ ਨਾਸ਼ਤਾ ਬਹੁਤ ਜ਼ਰੂਰੀ ਹੈ। ਧਿਆਨ ਦਿਓ ਕਿ ਨਾਸ਼ਤੇ ਵਿਚ ਪੂੜੀ, ਪਰੌਂਠਾ ਨਾ ਲਓ। ਇਸ ਨਾਲ ਵੀ ਆਲਸ ਆਉਂਦਾ ਹੈ। ਨਾਸ਼ਤੇ ਵਿਚ ਦੁੱਧ ਦੇ ਨਾਲ ਸੀਰੀਅਲਸ, ਬ੍ਰਾਊਨ ਬ੍ਰੈੱਡ, ਜੈਮ ਜਾਂ ਥੋੜ੍ਹਾ ਜਿਹਾ ਮੱਖਣ, ਮੈਂਗੋ ਸ਼ੇਕ, ਸਪ੍ਰਾਊਟ, ਦਲੀਆ ਦੁੱਧ ਵਾਲਾ, ਬ੍ਰੈੱਡ ਆਂਡਾ, ਸੈਂਡਵਿਚ ਦੇ ਨਾਲ ਇਕ ਕੱਪ ਕੌਫੀ ਆਦਿ ਲੈ ਸਕਦੇ ਹੋ।

ਸਟ੍ਰੇਚਿੰਗ ਕਸਰਤ ਕਰੋ : ਸਾਰਾ ਦਿਨ ਕੁਰਸੀ 'ਤੇ ਬੈਠੇ-ਬੈਠੇ ਕੰਮ ਕਰਨ ਨਾਲ ਸਰੀਰ ਦੀਆਂ ਮਾਸਪੇਸ਼ੀਆਂ ਖਿੱਚੀਆਂ-ਖਿੱਚੀਆਂ ਰਹਿੰਦੀਆਂ ਹਨ, ਜਿਸ ਨਾਲ ਸਰੀਰ ਵਿਚ ਕੰਮ ਕਰਨ ਦੀ ਸਮਰੱਥਾ ਘੱਟ ਹੋਣ ਲਗਦੀ ਹੈ। ਜਦੋਂ ਵੀ ਤੁਸੀਂ ਬੋਰ ਹੋਵੋ ਜਾਂ ਥਕਾਨ ਮਹਿਸੂਸ ਕਰੋ ਤਾਂ ਕੁਝ ਸਟ੍ਰੇਚਿੰਗ ਕਸਰਤ ਕਰਕੇ ਤਾਜ਼ਗੀ ਲਿਆ ਸਕਦੇ ਹੋ। ਕੁਰਸੀ ਤੋਂ 5-10 ਵਾਰ ਉੱਠ-ਬੈਠ ਸਕਦੇ ਹੋ। ਖੜ੍ਹੇ-ਖੜ੍ਹੇ ਦੋਵੇਂ ਹੱਥ ਉੱਪਰ ਚੁੱਕ ਕੇ ਪੰਜਿਆਂ ਦੇ ਭਾਰ ਖੜ੍ਹੇ ਹੋ ਸਕਦੇ ਹੋ, ਕਮਰ ਤੋਂ ਸੱਜੇ-ਖੱਬੇ ਬਾਹਾਂ ਨੂੰ ਘੁਮਾ ਸਕਦੇ ਹੋ। ਇਹ ਸਭ ਕਰਦੇ ਸਮੇਂ ਧਿਆਨ ਰੱਖੋ ਕਿ ਤੁਹਾਡੇ ਦਫ਼ਤਰ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।

ਹੱਸਦੇ ਰਹੋ : ਕੰਮ ਕਰਦੇ ਸਮੇਂ ਆਪਣਾ ਚਿਹਰਾ ਮੁਸਕਰਾਉਂਦਾ ਹੋਇਆ ਰੱਖੋ, ਜਿੰਨਾ ਸੰਭਵ ਹੋਵੇ, ਓਨਾ ਹੀ। ਗੰਭੀਰ ਮੂਡ ਵਿਚ ਦਫ਼ਤਰ ਵਿਚ ਨਾ ਬੈਠੋ। ਇਸ ਨਾਲ ਖੁਦ ਤਾਂ ਬੋਰ ਹੋਵੋਗੇ ਹੀ, ਦੂਜੇ ਵੀ ਦੇਖਣ ਵਾਲੇ ਬੋਰ ਹੋਣਗੇ। ਵਿਚ-ਵਿਚ ਆਪਣੇ ਮਿੱਤਰਾਂ ਦੇ ਨਾਲ ਗੱਲਬਾਤ ਕਰ ਲਓ, ਮਜ਼ਾਕੀਆ ਵੀਡੀਓਜ਼ ਦੇਖ ਲਓ, ਚੁਟਕਲੇ ਆਦਿ ਪੜ੍ਹ ਲਓ। ਇਸ ਨਾਲ ਤੁਹਾਡਾ ਮੂਡ ਸੁਭਾਵਿਕ ਰੂਪ ਨਾਲ ਚੰਗਾ ਰਹੇਗਾ ਅਤੇ ਕੰਮ ਕਰਨ ਨੂੰ ਮਨ ਵੀ ਕਰੇਗਾ, ਕਿਉਂਕਿ ਇਹ ਚੀਜ਼ਾਂ

**ਕੁਰਸੀ ਤੋਂ 5-10 ਵਾਰ ਉੱਠ-ਬੈਠ ਸਕਦੇ ਹੋ। ਖੜ੍ਹੇ-ਖੜ੍ਹੇ ਦੋਵੇਂ ਹੱਥ ਉੱਪਰ ਚੁੱਕ ਕੇ ਪੰਜਿਆਂ ਦੇ ਭਾਰ ਖੜ੍ਹੇ ਹੋ ਸਕਦੇ ਹੋ, ਕਮਰ ਤੋਂ ਸੱਜੇ-ਖੱਬੇ ਬਾਹਾਂ ਨੂੰ ਘੁਮਾ ਸਕਦੇ ਹੋ। ਇਹ ਸਭ ਕਰਦੇ ਸਮੇਂ ਧਿਆਨ ਰੱਖੋ ਕਿ ਤੁਹਾਡੇ ਦਫ਼ਤਰ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।**

ਤਣਾਅ ਦੂਰ ਕਰਦੀਆਂ ਹਨ।

ਪਾਣੀ ਖ਼ੂਬ ਪੀਓ ਅਤੇ ਚਿਹਰਾ ਵੀ ਧੋਵੋ : ਜ਼ਿਆਦਾ ਦਫ਼ਤਰ ਏ. ਸੀ. ਵਾਲੇ ਹੁੰਦੇ ਹਨ। ਏ. ਸੀ. ਸਾਡੇ ਸਰੀਰ ਵਿਚੋਂ ਕੁਦਰਤੀ ਨਮੀ ਨੂੰ ਚੁਰਾਉਂਦਾ ਹੈ। ਉਸ ਨਮੀ ਨੂੰ ਬਰਕਰਾਰ ਰੱਖਣ ਲਈ ਦਿਨ ਵਿਚ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਾਣੀ ਪੀਂਦੇ ਰਹੋ ਅਤੇ ਦਿਨ ਵਿਚ 2-3 ਵਾਰ ਠੰਢੇ ਪਾਣੀ ਨਾਲ ਚਿਹਰਾ ਧੋ ਲਓ। ਇਸ ਨਾਲ ਚਮੜੀ ਵਿਚ ਤਾਜ਼ਗੀ ਬਣੀ ਰਹੇਗੀ ਅਤੇ ਤੁਸੀਂ ਚੁਸਤ ਦਿਸੋਗੇ। ਇਹ ਸੱਚ ਹੈ ਕਿ ਜਦੋਂ ਤੁਸੀਂ ਚੁਸਤ ਹੋਵੋਗੇ ਤਾਂ ਕੰਮ ਕਰਨ ਦਾ ਮਜ਼ਾ ਵੀ ਬਣਿਆ ਰਹੇਗਾ।

ਇਸ ਤੋਂ ਇਲਾਵਾ ਆਪਣੀ ਦਰਾਜ ਵਿਚ ਕੁਝ ਅਜਿਹੀਆਂ ਪੁਸਤਕਾਂ ਰੱਖੋ, ਜਿਨ੍ਹਾਂ ਨੂੰ ਵਿਚ-ਵਿਚ ਦੋ-ਚਾਰ ਸਫੇ ਪੜ੍ਹ ਕੇ ਤਾਜ਼ਗੀ ਆ ਜਾਵੇ। ਆਪਣੀ ਊਰਜਾ ਬਰਕਰਾਰ ਰੱਖਣ ਲਈ ਵਿਚ-ਵਿਚ ਕੁਝ ਦਿਮਾਗੀ ਖੇਡਾਂ ਖੇਡੋ, ਜਿਵੇਂ ਕ੍ਰਾਸਵਰਡ ਜਾਂ ਪਜ਼ਲ ਆਦਿ। ਇਸ ਨਾਲ ਤੁਸੀਂ ਤਰੋਤਾਜ਼ਾ ਮਹਿਸੂਸ ਕਰੋਗੇ। ਦਫ਼ਤਰ ਵਿਚ ਤਣਾਅ ਨਾ ਪਾਲੋ। ਤਣਾਅ ਨਾਲ ਥਕਾਨ ਛੇਤੀ ਮਹਿਸੂਸ ਹੁੰਦੀ ਹੈ।



# ਅੱਖਾਂ ਦੀ ਤੇਜ਼ ਰੌਸ਼ਨੀ ਲਈ ਲਾਭਕਾਰੀ ਹੈ ਖ਼ੁਰਾਕ



ਅਸੀਂ ਜ਼ਿਆਦਾਤਰ ਬਜ਼ੁਰਗ ਔਰਤਾਂ ਨੂੰ ਇਹ ਕਹਿੰਦੇ ਹੋਏ ਸੁਣਦੇ ਹਾਂ ਕਿ ਗਾਜਰ ਖਾਣ ਨਾਲ ਅਸੀਂ ਹਨੇਰੇ ਵਿੱਚ ਵੀ ਦੇਖ ਸਕਦੇ ਹਾਂ ਪਰ ਵਧੀਆ ਨਜ਼ਰ ਪ੍ਰਾਪਤ ਕਰਨ ਲਈ ਗਾਜਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਖ਼ੁਰਾਕਾਂ ਹਨ, ਜੋ ਸਾਡੀ ਨਜ਼ਰ ਨੂੰ ਵਧਾਉਣ 'ਚ ਮਦਦਗਾਰ ਹੁੰਦੀਆਂ ਹਨ। ਆਓ ਜਾਣਦੇ ਹਾਂ ਅਜਿਹੀਆਂ ਹੀ ਕੁਝ ਖ਼ੁਰਾਕਾਂ ਬਾਰੇ :-

ਪਾਲਕ : ਪਾਲਕ ਵਿੱਚ ਹਰੀ ਫ਼ੁੱਲਗੋਭੀ ਵਾਂਗ ਜ਼ੈਕਸਾਂਥਿਨ ਅਤੇ ਲਿਊਟੀਨ ਨਾਮੀ ਤੱਤ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ, ਜੋ ਮੋਤੀਆਬਿੰਦ ਪੈਦਾ ਹੋਣ ਦੇ ਖਤਰੇ ਨੂੰ ਘੱਟ ਕਰਦੇ ਹਨ। ਲਿਊਟੀਨ ਸਾਡੀਆਂ ਅੱਖਾਂ ਦੀ ਰੱਖਿਆ ਮੈਕਿਊਲਾ 'ਚ ਪਿਗਮੈਂਟਸ ਦਾ ਨਿਰਮਾਣ ਕਰਕੇ ਕਰਦਾ ਹੈ, ਜੋ ਨੁਕਸਾਨਦਾਇੱਕ ਨੀਲੀ ਰੋਸ਼ਨੀ ਦੀਆਂ ਕਿਰਨਾਂ ਨੂੰ ਫ਼ਿਲਟਰ ਕਰਦਾ ਹੈ। ਇਹ ਕਿਰਨਾਂ ਸਾਡੀਆਂ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਰੋਜ਼ਾਨਾ 100 ਗ੍ਰਾਮ ਪਾਲਕ ਦਾ ਸੇਵਨ ਕਰਨਾ ਚਾਹੀਦਾ ਹੈ।



ਸੰਤਰਾ : ਸੰਤਰੇ ਵਿੱਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ। ਇੱਕ ਅਧਿਐਨ 'ਚ ਪਾਇਆ ਗਿਆ ਹੈ ਕਿ ਜੋ ਔਰਤਾਂ 10 ਸਾਲ ਜਾਂ ਜ਼ਿਆਦਾ ਲਈ ਵਿਟਾਮਿਨ-ਸੀ ਸਪਲੀਮੈਂਟ ਦਾ ਸੇਵਨ ਕਰਦੀਆਂ ਸਨ, ਉਨ੍ਹਾਂ ਵਿੱਚ ਮੋਤੀਆਬਿੰਦ ਪੈਦਾ ਹੋਣ ਦਾ ਖਤਰਾ 64 ਫ਼ੀਸਦੀ ਤਕ ਘੱਟ ਦੇਖਿਆ ਗਿਆ ਸੀ। ਰੋਜ਼ਾਨਾ ਇੱਕ ਸੰਤਰਾ ਜ਼ਰੂਰ ਖਾਣਾ ਚਾਹੀਦਾ ਹੈ।

ਡਾਰਕ ਬੇਰੀਜ਼ : ਇਸ ਨੂੰ ਖਾਣ ਨਾਲ ਸਾਡੀ ਨਜ਼ਰ ਬਿਹਤਰ ਬਣਦੀ ਹੈ। ਦੂਸਰੀ ਵਿਸ਼ਵ ਜੰਗ ਦੇ ਪਾਇਲਟਾਂ ਵਲੋਂ ਇਨ੍ਹਾਂ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਸੀ ਤਾਂ ਜੋ ਰਾਤ ਨੂੰ ਮਿਸ਼ਨ ਲਈ ਉਨ੍ਹਾਂ ਦੀ ਨਜ਼ਰ ਤੇਜ਼ ਹੋ ਸਕੇ।

ਅਧਿਐਨਾਂ ਨਾਲ ਇਹ ਪ੍ਰਮਾਣਿਤ ਹੋ ਚੁੱਕਾ ਹੈ ਕਿ ਬਿਲ ਬੇਰੀਜ਼ ਅਤੇ ਬਲੈਕ ਬੇਰੀਜ਼ ਵਿੱਚ ਐਂਥੋਸਾਯਾਨਿਸ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ, ਜੋ ਮੋਤੀਆਬਿੰਦ ਤੇ ਮੈਕਿਊਲਰ ਡੀਜੈਨਰੇਸ਼ਨ ਕਾਰਨ ਪੈਦਾ ਹੋਣ ਵਾਲੀ ਨਜ਼ਰ ਦੀ ਕਮਜ਼ੋਰੀ ਨੂੰ ਰੋਕਦਾ ਹੈ। ਆਪਣੇ ਨਾਸ਼ਤੇ 'ਚ ਮੁੱਠੀ ਭਰ ਡਾਰਕ ਬੇਰੀਜ਼ ਸ਼ਾਮਲ ਕਰੋ।

ਬਦਾਮ : ਬਦਾਮਾਂ ਵਿੱਚ ਵਿਟਾਮਿਨ-ਈ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਕਈ ਖੋਜਾਂ ਤੋਂ ਪਤਾ ਲੱਗਾ ਹੈ ਕਿ ਬਦਾਮ ਅੱਖਾਂ ਨੂੰ ਫ਼੍ਰੀ ਰੈਡੀਕਲਸ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਇਸ ਦਾ ਅਰਥ ਇਹ ਹੈ ਕਿ ਇਹ ਸਰੀਰ ਵਿੱਚ ਮੌਜੂਦ ਕੋਸ਼ਿਕਾਵਾਂ ਨੂੰ ਆਕਸੀਡੇਸ਼ਨ ਤੋਂ ਬਚਾਉਣ 'ਚ ਮਦਦਗਾਰ ਹੁੰਦੇ ਹਨ, ਜੋ ਮੋਤੀਆਬਿੰਦ ਦੇ ਇਲਾਜ ਨੂੰ ਮੱਠਾ ਕਰਦਾ ਹੈ। ਮੁੱਠੀ ਭਰ ਕੁਤਰੇ ਹੋਏ ਬਦਾਮ ਆਪਣੇ ਸੀਰੀਅਲ 'ਤੇ ਛਿੜਕੋ ਤੇ ਸਨੈਕ ਦੇ ਤੌਰ 'ਤੇ ਇਨ੍ਹਾਂ ਨੂੰ ਖਾਓ।

# ਪੰਜਾਬੀਆਂ ਨੂੰ ਵੱਧ ਅਧਿਕਾਰ, 'ਰੰਗਲੇ ਪੰਜਾਬ' ਵੱਲ ਵਧਦੇ ਕਦਮ



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਭਾਰਤ, ਅੱਜ ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਗਣਰਾਜ ਹੋਣ 'ਤੇ ਮਾਣ ਮਹਿਸੂਸ ਕਰਦਾ ਹੈ। ਆਜ਼ਾਦੀ ਲਈ ਲੜੇ ਗਏ ਲੰਮੇ ਅਤੇ ਬੇਮਿਸਾਲ ਸੰਘਰਸ਼ ਅਤੇ ਉਸ ਤੋਂ ਬਾਅਦ 26 ਜਨਵਰੀ, 1950 ਵਿੱਚ ਵਿਲੱਖਣ ਸੰਵਿਧਾਨ ਅਪਨਾਉਣ ਨਾਲ ਦੇਸ਼ ਸਹੀ ਮਾਅਨਿਆਂ ਵਿੱਚ ਗਣਰਾਜ ਬਣਿਆ। ਅੱਜ ਦਾ ਇਹ ਦਿਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਾਡਾ ਸੰਵਿਧਾਨ 26 ਜਨਵਰੀ, 1950 ਨੂੰ ਮਹਾਨ ਕੌਮੀ ਨੇਤਾਵਾਂ ਅਤੇ ਸਤਿਕਾਰਤ ਸ਼ਖਸੀਅਤਾਂ ਦੇ ਨਿਰੰਤਰ ਯਤਨਾਂ ਤੋਂ ਬਾਅਦ ਲਾਗੂ ਹੋਇਆ ਸੀ। ਸਾਡਾ ਸੰਵਿਧਾਨ ਬਰਾਬਰੀ ਵਾਲੇ ਸਮਾਜ ਵਿੱਚ ਖੁਸ਼ਹਾਲ ਜੀਵਨ ਦੇ ਮਹੱਤਵ ਨੂੰ ਦਰਸਾਉਂਦਾ ਹੈ ਅਤੇ ਇਹ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਮੁੱਖ ਸਿਧਾਂਤਾਂ ਨੂੰ ਸਥਾਪਤ ਕਰਦਾ ਹੈ। ਸਾਡੇ ਪਵਿੱਤਰ ਸੰਵਿਧਾਨ ਨੂੰ ਅਮਲੀ ਰੂਪ ਦੇਣ ਵਾਲਿਆਂ ਨੇ ਸਾਨੂੰ ਸੰਸਦੀ ਲੋਕਤੰਤਰ ਦਿੱਤਾ ਹੈ ਜਿਸ ਦਾ ਉਦੇਸ਼ ਸਮਾਜਿਕ ਤਰੱਕੀ ਅਤੇ ਸਾਰਿਆਂ ਲਈ ਚੰਗੇ ਜੀਵਨ ਦੇ ਨਾਲ-ਨਾਲ ਰੋਜ਼ੀ-ਰੋਟੀ ਦੇ ਇਕੋ ਜਿਹੇ ਮੌਕੇ ਪ੍ਰਦਾਨ ਕਰਨਾ ਹੈ।

ਸੰਵਿਧਾਨ ਸਭਾ ਨੇ ਇਸ ਤੱਥ ਨੂੰ ਧਿਆਨ ਵਿੱਚ ਰੱਖਿਆ ਕਿ ਭਾਰਤ ਸੱਭਿਆਚਾਰਕ, ਧਰਮਾਂ, ਭਾਸ਼ਾਈ ਅਤੇ ਖੇਤਰੀ ਵਿਭਿੰਨਤਾ ਦੇ ਤੌਰ 'ਤੇ ਅਮੀਰ ਵਿਰਾਸਤ ਵਾਲਾ ਦੇਸ਼ ਹੈ। ਅਜਿਹੇ ਵਿਭਿੰਨ ਦੇਸ਼ ਨੂੰ ਇਕ ਅਜਿਹੇ ਸੰਵਿਧਾਨ ਦੀ ਲੋੜ ਸੀ ਜੋ ਸੱਚਮੁੱਚ ਇਸ ਵਿਭਿੰਨਤਾ ਪ੍ਰਤੀ ਡੂੰਘੇ ਅਦਬ ਤੇ ਸਤਿਕਾਰ ਨੂੰ ਦਰਸਾਉਂਦਾ ਹੋਵੇ। ਬਾਲਗ ਵੋਟ ਦੇ ਅਧਿਕਾਰ ਦਾ ਮੂਲ ਸਿਧਾਂਤ ਹੋਵੇ ਜਿਸ ਦਾ ਅਧਾਰ ਸੰਵਿਧਾਨ ਦੀ ਬੁਨਿਆਦ ਹੈ। ਇਹ ਸਾਡੇ ਸਾਰਿਆਂ ਲਈ ਸੱਚਮੁੱਚ ਮਾਣ ਦਾ ਪਲ ਸੀ ਕਿਉਂਕਿ ਸਾਨੂੰ ਆਪਣੀ ਵੋਟ ਦੀ ਵਰਤੋਂ ਕਰਨ ਦੀ ਸ਼ਕਤੀ ਮਿਲੀ। 'ਲੋਕਾਂ ਦੀ ਸਰਕਾਰ, ਲੋਕਾਂ ਲਈ ਅਤੇ ਲੋਕਾਂ ਦੁਆਰਾ' ਚੁਣੇ ਜਾਣ ਦੇ ਸੰਕਲਪ ਨਾਲ ਸਾਡੇ ਪੁਰਖਿਆਂ ਦੀਆਂ ਸੱਧਰਾਂ ਅਤੇ ਇਛਾਵਾਂ ਪੂਰੀਆਂ ਹੁੰਦੀਆਂ ਹਨ। ਲਗਭਗ 75 ਸਾਲਾਂ ਦੌਰਾਨ ਹਰ ਬੀਤਦੇ ਦਿਨ ਦੇ ਨਾਲ ਦੇਸ਼ ਵਿੱਚ ਲੋਕਤੰਤਰੀ ਗਣਰਾਜ ਦੀਆਂ ਵਿਸ਼ੇਸ਼ਤਾਵਾਂ ਨੂੰ ਮਜ਼ਬੂਤੀ ਮਿਲੀ ਹੈ ਕਿਉਂਕਿ ਦੇਸ਼ ਵਾਸੀਆਂ ਨੇ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ ਅਟੱਲ ਵਿਸ਼ਵਾਸ ਪ੍ਰਗਟ ਕੀਤਾ ਅਤੇ ਬਿਨਾਂ ਕਿਸੇ ਡਰ ਦੇ 'ਮਤਦਾਨ' ਦੇ ਹੱਕ ਵਿੱਚ ਸਪੱਸ਼ਟ ਫੈਸਲਾ ਦਿੱਤਾ।

ਭਾਰਤ ਦੀ ਆਜ਼ਾਦੀ ਦੀ ਲਹਿਰ ਦੀ ਅਗਵਾਈ ਕੁਝ ਮਹਾਨ ਲੋਕਾਂ ਨੇ ਕੀਤੀ ਸੀ ਜੋ ਧਰਮ ਨਿਰਪੱਖ ਜਮਹੂਰੀਅਤ ਦੇ ਦਿਲੋਂ ਧਾਰਨੀ ਸਨ। ਮਹਾਤਮਾ ਗਾਂਧੀ ਜੀ, ਪੰਡਿਤ ਜਵਾਹਰ ਲਾਲ ਨਹਿਰੂ, ਡਾ. ਬੀ.ਆਰ. ਅੰਬੇਡਕਰ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਸ਼ਖਸੀਅਤਾਂ ਦਾ ਮਹਾਨ ਯੋਗਦਾਨ ਹੈ।

ਸਾਡੇ ਸਾਰਿਆਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬੀਆਂ ਨੂੰ ਸਾਡੇ ਮਹਾਨ ਸਿੱਖ ਗੁਰੂ ਸਾਹਿਬਾਨ ਪਾਸੋਂ ਆਪਾ ਵਾਰਨ ਅਤੇ ਦੇਸ਼ ਭਗਤੀ ਦੀ ਅਦੁੱਤੀ ਭਾਵਨਾ ਵਿਰਾਸਤ ਵਿੱਚ ਮਿਲੀ ਹੈ ਜਿਨ੍ਹਾਂ ਨੇ ਸਾਨੂੰ ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨਾ ਸਿਖਾਇਆ ਹੈ। ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਭਾਰਤੀ ਗਣਰਾਜ ਦਾ ਸਾਡੇ ਮਹਾਨ ਪੁਰਖਿਆਂ ਦੁਆਰਾ ਦੇਖਿਆ ਗਿਆ ਸੁਪਨਾ ਦੇਸ਼ ਵਾਸੀਆਂ ਅਤੇ ਆਮ ਤੌਰ 'ਤੇ ਪੰਜਾਬੀਆਂ ਦੁਆਰਾ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਵਿਰੁੱਧ ਲੜਾਈ ਦੌਰਾਨ ਦਿੱਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਕਾਰਨ ਪੂਰਾ ਹੋਇਆ। ਕੌਮੀ ਆਜ਼ਾਦੀ ਸੰਘਰਸ਼ ਲੜਦਿਆਂ ਪੰਜਾਬੀਆਂ ਦੁਆਰਾ ਦਿੱਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਨੂੰ ਕੋਈ ਕਦੇ ਨਹੀਂ ਭੁੱਲ ਸਕਦਾ। ਦੇਸ਼ ਅੱਜ ਹਜ਼ਾਰਾਂ ਗੁੰਮਨਾਮ ਨਾਇਕਾਂ, ਖਾਸ ਕਰਕੇ ਪੰਜਾਬ ਦੇ ਬਹਾਦਰ ਪੁੱਤਰਾਂ ਦੁਆਰਾ ਨਿਭਾਈ ਗਈ ਸ਼ਾਨਦਾਰ ਭੂਮਿਕਾ ਨੂੰ ਮਾਣ ਨਾਲ ਯਾਦ ਕਰਦਾ ਹੈ ਜੋ ਨਾ ਸਿਰਫ ਕੌਮੀ ਅੰਦੋਲਨ ਦੇ ਮੋਹਰੀ ਰਹੇ ਸਗੋਂ ਉਨ੍ਹਾਂ ਦੇ ਦਲੇਰਾਨਾ ਕਾਰਨਾਮਿਆਂ ਨੇ ਹੋਰ ਲੱਖਾਂ ਲੋਕਾਂ ਨੂੰ 'ਆਜ਼ਾਦੀ ਦੀ ਜੰਗ' ਦੀ ਮਿਸ਼ਾਲ ਬਾਲਣ ਲਈ ਪ੍ਰੇਰਿਤ ਵੀ ਕੀਤਾ। ਦੇਸ਼ ਦੀ ਆਬਾਦੀ ਦਾ ਸਿਰਫ਼ ਦੋ ਪ੍ਰਤੀਸ਼ਤ ਹੋਣ ਦੇ ਬਾਵਜੂਦ, ਆਜ਼ਾਦੀ ਸੰਗਰਾਮ ਦੌਰਾਨ ਫਾਂਸੀ ਦਿੱਤੇ ਗਏ ਜਾਂ ਜਲਾਵਤਨ ਕੀਤੇ ਗਏ ਸ਼ਹੀਦਾਂ ਵਿੱਚੋਂ 80 ਫੀਸਦੀ ਪੰਜਾਬੀ ਸਨ। ਕੂਕਾ ਲਹਿਰ, ਗ਼ਦਰ ਲਹਿਰ, ਕਿਸਾਨ ਅੰਦੋਲਨ ਅਤੇ ਹੋਰ ਭਾਰਤੀ ਆਜ਼ਾਦੀ ਲਹਿਰਾਂ ਦੇ ਨਾਲ-ਨਾਲ ਪੰਜਾਬ ਨੇ ਲਾਲਾ ਲਾਜਪਤ ਰਾਏ ਤੇ ਦੀਵਾਨ ਸਿੰਘ ਕਾਲੇਪਾਣੀ ਵਰਗੇ ਧਰਤੀ ਦੇ ਸੂਰਬੀਰ ਪੁੱਤਰ ਪੈਦਾ ਕੀਤੇ ਜਿਨ੍ਹਾਂ ਨੇ ਦੇਸ਼ ਨੂੰ ਬਰਤਾਨਵੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਸ਼ਹੀਦ ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਬਹਾਦਰੀ ਭਰੇ ਕਾਰਨਾਮਿਆਂ ਨੇ ਦੇਸ਼ ਵਾਸੀਆਂ ਨੂੰ ਅੰਗਰੇਜ਼ ਹਕੂਮਤ ਵਿਰੁੱਧ ਝੰਡਾ ਚੁੱਕਣ ਲਈ ਪ੍ਰੇਰਿਤ ਕਰਕੇ ਆਜ਼ਾਦੀ ਅੰਦੋਲਨ ਅੰਦਰ ਨਵਾਂ ਜੋਸ਼ ਭਰ ਦਿੱਤਾ ਸੀ। ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੌਰਾਨ ਨਿਰਦੋਸ਼ ਲੋਕਾਂ ਨੂੰ ਬੇਰਹਿਮੀ ਨਾਲ ਮਾਰਨਾ ਬਰਤਾਨਵੀ ਸ਼ਾਸਨ ਦੇ ਕਫ਼ਨ ਵਿੱਚ ਆਖਰੀ ਕਿੱਲ ਸਾਬਤ ਹੋਇਆ।

ਇਸੇ ਤਰ੍ਹਾਂ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਨੇ ਦੇਸ਼ ਦੀ ਪ੍ਰਭੂਸੱਤਾ ਨੂੰ ਖਤਰੇ ਵਿੱਚ ਪਾਉਣ ਦੇ ਹਰ ਮਨਸੂਬੇ ਨੂੰ ਅਸਫਲ ਕਰ ਦਿੱਤਾ। ਸਾਲ 1947, 1962, 1965, 1971 ਅਤੇ ਫਿਰ ਕਾਰਗਿਲ ਯੁੱਧ ਵਿੱਚ ਦੇਸ਼ ਦੀ ਸੁਰੱਖਿਆ ਕਰਨ ਤੋਂ ਇਲਾਵਾ, ਸਾਡੇ ਬਹਾਦਰ ਦੇਸ਼ ਭਗਤਾਂ ਨੇ ਦੇਸ਼ ਦੀ ਆਨ-ਸ਼ਾਨ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਹਾਲ ਹੀ ਵਿੱਚ ਸਾਡੀਆਂ ਬਹਾਦਰ ਫੌਜਾਂ ਨੇ ਸਰਹੱਦ 'ਤੇ ਵਧਦੇ ਤਣਾਅ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਹੈ ਜੋ ਕਿ ਸਪੱਸ਼ਟ ਤੌਰ 'ਤੇ ਰਾਸ਼ਟਰੀ ਪ੍ਰਭੂਸੱਤਾ 'ਤੇ ਹਮਲਾ ਸੀ। ਸਾਡੇ ਬਹਾਦਰ ਸੈਨਿਕਾਂ ਨੇ ਸਰਹੱਦ ਪਾਰੋਂ ਦੇਸ਼ ਵਿਰੋਧੀ ਤੱਤਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ। ਇਸੇ ਤਰ੍ਹਾਂ ਅਮਨ-ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਾਡੇ ਦੇਸ਼ ਨੂੰ ਅੰਦਰੂਨੀ ਖਤਰਿਆਂ ਤੋਂ ਬਚਾਉਣ ਲਈ ਕਈ ਹੋਰ ਕਾਰਵਾਈਆਂ ਵਿੱਚ ਪੰਜਾਬੀ ਹਮੇਸ਼ਾ ਮੋਹਰੀ ਰਹੇ ਹਨ। ਇਸ ਤੋਂ ਇਲਾਵਾ ਦੇਸ਼ ਦੀ ਖੁਸ਼ਹਾਲੀ ਅਤੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਦੇਸ਼ ਦੀਆਂ ਸਰਹੱਦਾਂ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਵਿੱਚ ਪੰਜਾਬੀ ਸਦਾ ਮੋਹਰੀ ਰਹੇ ਹਨ। ਸੰਕਟ ਦੇ ਸਮੇਂ ਦੌਰਾਨ ਵੀ ਅਸੀਂ ਬਹਾਦਰ ਪੰਜਾਬੀਆਂ ਨੇ ਕਦੇ ਵੀ ਆਪਣੇ ਹੌਂਸਲੇ ਨੂੰ ਢਾਹ ਨਹੀਂ ਲੱਗਣ ਦਿੱਤੀ। ਇਸ ਦੇ ਉਲਟ ਉਨ੍ਹਾਂ ਨੇ ਦੇਸ਼ ਦੇ ਸੰਵਿਧਾਨ ਵਿੱਚ ਪੂਰਾ ਵਿਸ਼ਵਾਸ ਰੱਖ ਕੇ ਲੋਕਤੰਤਰ ਦੇ ਸਿਧਾਂਤਾਂ ਨੂੰ ਮਜ਼ਬੂਤ ਕੀਤਾ ਹੈ। ਸਾਡੇ ਸੀਮਤ ਕੁਦਰਤੀ ਸਰੋਤਾਂ ਦੇ ਬਾਵਜੂਦ ਸੂਬੇ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਲਈ ਆਪਣਾ ਪਸੀਨਾ ਵਹਾਇਆ ਅਤੇ ਸਖਤ ਮਿਹਨਤ ਕੀਤੀ। ਇਸ ਦੀ ਖਾਤਰ ਸੂਬਾ ਦੇ ਬੇਸ਼ਕੀਮਤੀ ਕੁਦਰਤੀ ਸਰੋਤਾਂ ਪਾਣੀ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਕੁਰਬਾਨ ਕਰ ਦਿੱਤਾ। ਹਾਲਾਂਕਿ, ਇਕ ਗਣਰਾਜ ਦੇ ਰੂਪ ਵਿੱਚ ਅਸੀਂ ਵੱਖ-ਵੱਖ ਚੁਣੌਤੀਆਂ ਹੋਣ ਦੇ ਬਾਵਜੂਦ ਸਫਲਤਾ ਨਾਲ ਕਈ ਮੀਲ ਪੱਥਰ ਕਾਇਮ ਕੀਤੇ ਹਨ ਪਰ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਸੰਵਿਧਾਨ ਦੇ ਨਿਰਮਾਤਾਵਾਂ ਦੇ ਸੁਪਨੇ ਅਜੇ ਵੀ ਸਾਕਾਰ ਹੋਣੇ ਬਾਕੀ ਹਨ ਕਿਉਂਕਿ ਸਾਡੇ ਜ਼ਿਆਦਾਤਰ ਦੇਸ਼ ਵਾਸੀ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਭੁੱਖਮਰੀ ਦੀਆਂ ਅਲਾਮਤਾਂ ਨਾਲ ਜੂਝ ਰਹੇ ਹਨ। ਸੱਤ ਦਹਾਕਿਆਂ ਤੋਂ ਵੱਧ ਯੋਜਨਾਬੱਧ ਵਿਕਾਸ ਦੇ ਬਾਵਜੂਦ ਅਸੀਂ ਆਪਣੇ ਲੋਕਾਂ ਨੂੰ ਬੁਨਿਆਦੀ ਸੇਵਾਵਾਂ ਯਕੀਨੀ ਬਣਾਉਣ ਦੇ ਯੋਗ ਨਹੀਂ ਹੋਏ ਹਾਂ ਕਿਉਂਕਿ ਸੂਬਿਆਂ ਅਤੇ ਲੋਕਾਂ ਵਿਚਕਾਰ ਅਸਮਾਨਤਾਵਾਂ ਵਧਦੀਆਂ ਜਾ ਰਹੀਆਂ ਹਨ। ਸਾਡੀ ਪੇਂਡੂ ਵਸੋਂ ਦਾ ਵੱਡਾ ਹਿੱਸਾ ਅਤੇ ਇੱਥੋਂ ਤੱਕ ਕਿ ਸ਼ਹਿਰੀ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਅਜੇ ਵੀ ਵਿਕਾਸ ਦੇ ਸਫਰ ਦਾ ਹਿੱਸਾ ਨਹੀਂ ਬਣ ਸਕੇ।

ਪਿਛਲੇ ਚਾਰ ਸਾਲਾਂ ਤੋਂ ਸਾਡੀ ਸਰਕਾਰ ਸੰਵਿਧਾਨ ਦੇ ਨਿਰਮਾਤਾਵਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਜੋ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ ਬਣਾਇਆ ਜਾ ਸਕੇ। ਅਸੀਂ ਆਪਣੇ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਾਂ ਤਾਂ ਜੋ ਹਰ ਕੀਮਤ 'ਤੇ ਸੂਬੇ ਵਿੱਚ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖੀ ਜਾ ਸਕੇ ਅਤੇ ਪੰਜਾਬ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਲਿਜਾਇਆ ਜਾ ਸਕੇ। ਸੂਬੇ ਵਿੱਚ ਬੇਮਿਸਾਲ ਵਿਕਾਸ ਦੇ ਯੁੱਗ ਦਾ ਐਲਾਨ ਕਰਨ ਅਤੇ ਪੰਜਾਬ ਨੂੰ ਵਿਕਾਸ ਦੇ ਤੇਜ਼ ਰਾਹ 'ਤੇ ਲਿਆਉਣ ਲਈ ਸਾਡੀ ਸਰਕਾਰ ਨੇ ਇਸ ਨੂੰ ਦੇਸ਼ ਦੇ ਨਕਸ਼ੇ 'ਤੇ ਮੋਹਰੀ ਸੂਬਾ ਬਣਾਉਣ ਲਈ ਦਲੇਰਾਨਾ ਪਹਿਲਕਦਮੀਆਂ ਕੀਤੀਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ: ਮੁੱਖ ਮੰਤਰੀ ਸਿਹਤ ਯੋਜਨਾ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕੀਤੀ ਹੈ ਜੋ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ। ਇਹ ਯੋਜਨਾ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਪ੍ਰਦਾਨ ਕਰਦੀ ਹੈ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਅਜਿਹੀ ਸਿਹਤ ਸੰਭਾਲ ਸੇਵਾਵਾਂ ਦੇਣ ਵਾਲਾ ਪੰਜਾਬ ਪਹਿਲਾ ਭਾਰਤੀ ਸੂਬਾ ਹੈ ਜਿਸ ਨਾਲ ਲੋਕਾਂ 'ਤੇ ਵਿੱਤੀ ਬੋਝ ਕਾਫ਼ੀ ਹੱਦ ਤੱਕ ਘਟੇਗਾ। ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ। ਸਾਰੇ ਸਰਕਾਰੀ ਕਰਮਚਾਰੀ, ਪੈਨਸ਼ਨਰ ਅਤੇ ਹੋਰ ਨਾਗਰਿਕ ਸਿਹਤ ਕਾਰਡ ਲਈ ਯੋਗ ਹੋਣਗੇ ਜੋ ਸੁਵਿਧਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜਾਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਵਰਤੋਂ ਕਰਕੇ ਔਨਲਾਈਨ ਰਜਿਸਟ?ਰੇਸ਼ਨ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

### ਯੁੱਧ ਨਸ਼ਿਆਂ ਵਿਰੁਧ

ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ, ਨਸ਼ਿਆਂ ਦੇ ਸਰਗਣੇ ਜੇਲ੍ਹ ਭੇਜੇ, ਨਸ਼ਾ ਤਸਕਰਾਂ ਦੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਢਾਹਿਆ, ਪੀੜਤਾਂ ਦਾ ਇਲਾਜ ਅਤੇ ਮੁੜ ਵਸੇਬਾ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਲੜਾਈ ਲੜਦਿਆਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ। ਇਕ ਮਾਰਚ, 2025 ਤੋਂ 17 ਜਨਵਰੀ, 2026 ਤੱਕ ਐਨ.ਡੀ.ਪੀ.ਐਸ. ਐਕਟ ਤਹਿਤ 31,441 ਮਾਮਲੇ ਦਰਜ ਕੀਤੇ ਗਏ ਹਨ, 45,137 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, 15.47 ਕਰੋੜ ਰੁਪਏ ਦੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, 386 ਵੱਡੀਆਂ ਮੱਛੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀ 299 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਯੁੱਧ ਨਸ਼ਿਆਂ ਵਿਰੁੱਧ ਦਾ ਦੂਜਾ ਪੜਾਅ ਸ਼ੁਰੂ ਕੀਤਾ ਗਿਆ ਅਤੇ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਲਈ ਪੰਜਾਬ ਵਿੱਚ 3,083 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ।

### ਗੈਂਗਸਟਰਾਂ 'ਤੇ ਵਾਰ

ਨਸ਼ੇ ਵਿਰੁੱਧ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਵੱਡੀ ਸਫਲਤਾ ਤੋਂ ਬਾਅਦ ਪੰਜਾਬ ਸਰਕਾਰ ਨੇ ਹੁਣ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਸ਼ੁਰੂ ਕੀਤੀ ਹੈ, ਜੋ ਕਿ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਦੇ ਉਦੇਸ਼ ਨਾਲ ਗੈਂਗਸਟਰਾਂ ਵਿਰੁੱਧ ਫੈਸਲਾਕੁੰਨ ਜੰਗ ਹੈ। ਗੈਂਗਸਟਰਾਂ ਵਿਰੁੱਧ ਵਿਆਪਕ ਕਾਰਵਾਈ ਤਹਿਤ 2,000 ਪੁਲਿਸ ਟੀਮਾਂ ਦਾ ਗਠਨ ਕੀਤਾ ਜਿਨ੍ਹਾਂ ਵਿੱਚ 12,000 ਤੋਂ ਵੱਧ ਪੁਲਿਸ ਕਰਮਚਾਰੀ ਸ਼ਾਮਲ ਸਨ। ਇਨ੍ਹਾਂ ਟੀਮਾਂ ਨੇ ਪੰਜਾਬ ਭਰ ਵਿੱਚ 60 ਵਿਦੇਸ਼-ਅਧਾਰਤ ਗੈਂਗਸਟਰਾਂ ਦੇ ਸਹਿਯੋਗੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਵੱਖ-ਵੱਖ ਸਥਾਨਾਂ 'ਤੇ ਛਾਪੇ ਮਾਰੇ। ਗੈਂਗਸਟਰਾਂ ਵਿਰੁੱਧ ਰਣਨੀਤਕ ਜੰਗ ਦਾ ਸਪੱਸ਼ਟ ਇਰਾਦਾ ਗੈਂਗਸਟਰਵਾਦ ਦੇ ਸਮੁੱਚੇ ਮਾਹੌਲ ਨੂੰ ਖਤਮ ਕਰਨਾ ਹੈ, ਜਿਸ ਵਿੱਚ ਉਨ੍ਹਾਂ ਦੇ ਵਿੱਤੀ ਵਸੀਲੇ, ਲੌਜਿਸਟਿਕਸ, ਸੁਰੱਖਿਅਤ ਘਰ, ਹਥਿਆਰ ਸਪਲਾਈ ਚੇਨ ਅਤੇ ਸੰਚਾਰ ਨੈਟਵਰਕ ਸ਼ਾਮਲ ਹਨ। ਇੱਕ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ, 93946-93946 ਸ਼ੁਰੂ ਕੀਤੀ ਗਈ ਜੋ ਨਾਗਰਿਕਾਂ ਨੂੰ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਗੁਪਤ ਰੂਪ ਵਿੱਚ ਸਾਂਝੀ ਕਰਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਸੁਝਾਅ ਪ੍ਰਦਾਨ ਕਰਨ ਦੇ ਯੋਗ ਬਣਾਉਂਦਾ ਹੈ।

### ਮਾਲ ਸੁਧਾਰ

ਲੋਕਾਂ ਲਈ ਪਾਰਦਰਸ਼ੀ, ਅਸਰਦਾਰ ਅਤੇ ਭ੍ਰਿਸ਼ਟਾਚਾਰ ਮੁਕਤ ਮਾਲ ਸੇਵਾਵਾਂ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਨੇ 'ਈਜ਼ੀ ਰਜਿਸਟਰੀ' ਅਤੇ 'ਈਜ਼ੀ ਜਮ?ਹਾਂਬੰਦੀ' ਪੋਰਟਲ ਸ਼ੁਰੂ ਕੀਤਾ ਹੈ। ਇਹ ਇਨਕਲਾਬੀ ਪਹਿਲਕਦਮੀਆਂ ਸੂਬਾ ਸਰਕਾਰ ਦੇ ਇਮਾਨਦਾਰ, ਪਾਰਦਰਸ਼ੀ ਅਤੇ ਲੋਕ-ਪੱਖੀ ਇਰਾਦਿਆਂ ਨੂੰ ਦਰਸਾਉਂਦੀਆਂ ਹਨ। ਦੇਸ਼ ਦੇ ਕਿਸੇ ਹੋਰ ਸੂਬੇ ਵਿੱਚ ਇੰਨੇ ਮਜ਼ਬੂਤ ਮਾਲ ਸੁਧਾਰ ਨਹੀਂ ਹਨ ਅਤੇ ਇਹ ਜਨਤਕ ਸਹੂਲਤ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੇ।

### ਆਮ ਆਦਮੀ ਕਲੀਨਿਕ

ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਜਿਨ੍ਹਾਂ ਨੇ ਸੂਬੇ ਵਿੱਚ ਸਿਹਤ ਸੰਭਾਲ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਸੂਬੇ ਵਿੱਚ ਰੋਜ਼ਾਨਾ ਲਗਭਗ 70,000 ਮਰੀਜ਼ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਰਹੇ ਹਨ ਅਤੇ ਇਨ੍ਹਾਂ ਕਲੀਨਿਕਾਂ ਵਿੱਚ ਰੋਜ਼ਾਨਾ ਆਉਣ ਵਾਲੇ 95 ਫੀਸਦੀ ਤੋਂ ਵੱਧ ਮਰੀਜ਼ ਆਪਣੀਆਂ ਬਿਮਾਰੀਆਂ ਤੋਂ ਠੀਕ ਹੋ ਜਾਂਦੇ ਹਨ। ਹੁਣ ਸੂਬਾ ਸਰਕਾਰ ਨੇ 881 ਆਮ ਆਦਮੀ ਕਲੀਨਿਕਾਂ ਲਈ ਵਟਸਐਪ ਚੈਟਬੋਟ ਸ਼ੁਰੂ ਕੀਤਾ ਹੈ ਜਿਸ ਰਾਹੀਂ ਮਰੀਜ਼ ਵਟਸਐਪ ਰਾਹੀਂ ਸਿਹਤ ਸਬੰਧੀ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਡਾਕਟਰ ਦੀਆਂ ਦਵਾਈਆਂ ਦੀਆਂ ਸਲਿੱਪਾਂ ਚੈਟਬੋਟ ਰਾਹੀਂ ਪਹੁੰਚਯੋਗ ਹੋਣਗੀਆਂ।

### ਮੁਫ਼ਤ ਬਿਜਲੀ

ਪੰਜਾਬ ਸਰਕਾਰ ਨੇ ਸਾਲ 2022 ਵਿੱਚ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਸ਼ੁਰੂ ਕੀਤੀ ਸੀ ਅਤੇ ਉਦੋਂ ਤੋਂ ਸੂਬੇ ਦੇ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਉਨ੍ਹਾਂ ਨੂੰ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ। ਇਸ ਨਾਲ ਆਮ ਆਦਮੀ ਦੀ ਜੇਬ 'ਤੇ ਵੱਡਾ ਬੋਝ ਘਟਿਆ ਹੈ

Contd....page-5

